# ਕੈਨੇਡਾ ਦਰਪਣ

ਨਵੰਬਰ 1-15, 1984

**November 1-15, 1984**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

Nov. 1-15, 1984

Vol. 3 No. 36

ਕੀਮਤ 30¢ Out of Greater Vancouver Price 40¢

Second Class Mail
Reg. No. 5991

# ਕੈਨੇਡਾ ਦਰਪਣ

THE CANADA DARPAN
Punjabi Fortnightly Newspaper

Editor-in-chief(Hon.): DARSHAN GILL M.A.

MAILING ADDRESS :
P.O. BOX 67344 STN. 'O'
VANCOUVER, B.C. V5W 3T?

(604)321-6360

## ਇੰਦਰਾ ਗਾਂਧੀ ਦੇ ਕਤਲ ਪਿਛੋਂ

# ਭਾਰਤ ਵਿਚ ਫਿਰਕੂ ਫਸਾਦ ਭੜਕ ਉਠੇ

ਨਵੀਂ ਦਿੱਲੀ — ਭਾਰਤ ਵਿਚ ਫਿਰਕੂ ਫਸਾਦ ਭੜਕ ਪਏ ਹਨ ਜਿਨ੍ਹਾਂ ਕਾਰਨ ਗੈਰ ਸਰਕਾਰੀ ਅੰਕੜਿਆਂ ਅਨੁਸਾਰ ਮੌਤਾਂ ਦੀ ਗਿਣਤੀ 148 ਤੋਂ ਵੱਧ ਦੱਸੀ ਗਈ ਹੈ। ਸਾਰੇ ਉਤਰੀ ਭਾਰਤ ਦੇ ਮੁੱਖ ਸ਼ਹਿਰਾਂ ਵਿਚ ਕਰਫੀਊ ਲੱਗਾ ਹੋਇਆ ਹੈ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਕਾਰਨ ਬਹੁਗਿਣਤੀ ਫਿਰਕੇ ਵਲੋਂ 'ਖੂਨ ਦਾ ਬਦਲਾ ਖੂਨ' ਦੇ ਨਾਅਰੇ ਦੇਸ਼ ਦੀ ਤਬਾਹੀ ਦਾ ਕਾਰਨ ਬਣ ਰਹੇ ਹਨ।

31 ਅਕਤੂਬਰ ਨੂੰ ਸਵੇਰੇ ਹੋਏ ਪ੍ਰਧਾਨ ਮੰਤਰੀ ਦੇ ਕਤਲ ਦੇ ਦੋਵਾਂ ਦੋਸ਼ੀਆਂ ਦੇ ਨਾਂ ਸਤਵੰਤ ਸਿੰਘ ਅਤੇ ਬੇਅੰਤ ਸਿੰਘ ਦੱਸੇ ਗਏ ਹਨ। ਦੋਵੇਂ ਪੰਜਾਬ ਦੇ ਰਹਿਣ ਵਾਲੇ ਹਨ। ਸਤਵੰਤ ਸਿੰਘ ਉਸ ਸਮੇਂ ਗੋਲੀ ਦਾ ਸ਼ਿਕਾਰ ਹੋ ਗਿਆ ਜਦਕਿ ਬੇਅੰਤ ਸਿੰਘ ਜ਼ਖਮੀ ਹਾਲਤ ਵਿਚ ਫੜਿਆ ਗਿਆ।

ਸਤਵੰਤ ਸਿੰਘ ਅਤੇ ਬੇਅੰਤ ਸਿੰਘ ਦੋਵੇਂ ਇੰਦਰਾ ਗਾਂਧੀ ਦੇ ਗਾਰਡ ਸਨ। ਸਤਵੰਤ ਸਿੰਘ ਸਿਪਾਹੀ ਸੀ ਅਤੇ ਬੇਅੰਤ ਸਿੰਘ ਸਬ-ਇਨਸਪੈਕਟਰ ਯੂਨਾਈਟਡ ਨੀਊਜ਼ ਅਨੁਸਾਰ ਦੋਵਾਂ ਦੋਸ਼ੀਆਂ ਦੇ ਪ੍ਰਵਾਰਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਇਕ ਤੀਜਾ ਗਾਰਡ ਵੀ ਸ਼ਾਮਲ ਸੀ ਪਰ ਉਸਨੇ ਗੋਲੀ ਨਹੀਂ ਚਲਾਈ। ਉਸ ਗਾਰਡ ਦਾ ਨਾਂ ਨਹੀਂ ਦੱਸਿਆ ਗਿਆ। ਸਤਵੰਤ ਸਿੰਘ ਗੁਰਦਾਸਪੁਰ ਦਾ ਰਹਿਣ ਵਾਲਾ ਸੀ ਜਦ ਕਿ ਬੇਅੰਤ ਸਿੰਘ ਚੰਡੀਗੜ੍ਹ ਲਾਗੇ ਦੇ ਕਿਸੇ ਪਿੰਡ ਨਾਲ ਸਬੰਧਤ ਸੀ।



## ਕਤਲ, ਲੁੱਟਮਾਰ ਦੀਆਂ ਵਾਰਦਾਤਾਂ

ਕਤਲਾਂ ਅਤੇ ਲੁੱਟਮਾਰ ਦੀਆਂ ਵਾਰਦਾਤਾਂ ਕਾਰਨ 29 ਸ਼ਹਿਰਾਂ ਵਿਚ ਇਸ ਸਮੇਂ ਕਰਫੀਊ ਲੱਗਾ ਹੋਇਆ ਹੈ। ਪੁਲਸ ਨੂੰ ਗੜਬੜ ਕਰਨ ਵਾਲਿਆਂ ਨੂੰ ਦੇਖਦੇ ਸਾਰ ਗੋਲੀ ਮਾਰਨ ਦੇ ਹੁਕਮ ਦੇ ਦਿਤੇ ਹਨ। ਇਕੱਲੇ ਦਿੱਲੀ ਸ਼ਹਿਰ ਵਿਚ ਮਰਨ ਵਾਲਿਆਂ ਦੀ ਗਿਣਤੀ 60 ਤੋਂ ਉਪਰ ਦੱਸੀ ਗਈ ਹੈ।

ਦਿੱਲੀ ਵਿਚ ਇਕ ਫਿਰਕੇ ਦੇ ਵਿਅਕਤੀ ਨੂੰ ਅੱਗ ਵਿਚ ਸੁੱਟ ਕੇ ਸਾੜ ਦੇਣ ਦੀ ਖਬਰ ਹੈ ਅਤੇ ਇਕ ਫਿਰਕੇ ਦੇ ਇਕ ਬੰਦੇ ਦਾ ਸਿਰ ਤਲਵਾਰ ਨਾਲ ਵੱਢ ਦਿਤਾ ਗਿਆ। ਸੈਂਕੜਿਆਂ ਦੀ ਗਿਣਤੀ ਵਿਚ ਜ਼ਖਮੀ ਹਸਪਤਾਲਾਂ ਵਿਚ ਪੁਚਾਏ ਜਾ ਰਹੇ ਹਨ।

## ਇੰਦਰਾ ਗਾਂਧੀ ਦੇ 22 ਗੋਲੀਆਂ

ਯੂ. ਐਨ. ਆਈ. ਦੀ ਖਬਰ ਅਨੁਸਾਰ ਇੰਦਰਾ ਗਾਂਧੀ ਦੇ 22 ਗੋਲੀਆਂ ਮਾਰੀਆਂ ਗਈਆਂ ਜਦ ਕਿ ਪਹਿਲੀਆਂ ਖਬਰਾਂ ਵਿਚ ਅੱਠ ਅਤੇ ਫਿਰ ਗੋਲੀਆਂ ਦੀ ਗਿਣਤੀ 16 ਦੱਸੀ ਗਈ ਸੀ।

## ਰਾਜੀਵ ਗਾਂਧੀ ਨੇ ਮੁਖਮੰਤਰੀ ਵਾਪਸ ਭੇਜੇ

ਨਵੀਂ ਦਿੱਲੀ ਵਿਚ ਸ੍ਰੀਮਤੀ ਗਾਂਧੀ ਦੇ ਅਫਸੋਸ ਲਈ ਪੁਜੇ ਸੂਬਿਆਂ ਦੇ ਮੁੱਖ ਮੰਤਰੀਆਂ ਨੂੰ ਨਵੇਂ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਆਪੋ ਆਪਣੇ ਸੂਬੇ ਵਿਚ (ਬਾਕੀ ਪੰਨਾ 3 ਤੇ)

# ਲੌਇਲ ਫਰਨੀਚਰ ਲਿ:

**2707 MAIN ST., VANCOUVER, B.C.**

THE HOUSE OF QUALITY FURNITURE


# ਸੇਲ ਦਾ ਆਖਰੀ ਹਫ਼ਤਾ

*** SERVICE * QUALITY & * BEST PRICES**

ਵਧੀਆ ਫਰਨੀਚਰ ਦੀ ਚੋਣ 'ਚੋਂ ਖ਼੍ਰੀਦੋ :

- ਸੌਲਿਡ ਓਕ ਤੇ ਪਾਈਨ ਵੁੱਡ ਦੀਆਂ ਬੈੱਡਰੂਮ ਤੇ ਡਾਈਨਿੰਗ ਰੂਮ ਸੁਈਟਸ
- ਐਟਲਾਂਟਿਕ ਤੇ ਹੋਰ ਕੰਪਨੀਆਂ ਦੇ ਵਧੀਆ ਸੋਫਾ ਸੈਟ ਤੇ ਹੋਰ ਹਰ ਤਰ੍ਹਾਂ ਦਾ ਫਰਨੀਚਰ ਖ਼੍ਰੀਦਣ ਦਾ ਸੁਨਹਿਰੀ ਮੌਕਾ





ਹਰ ਆਈਟਮ ਤੇ ਸੇਲ ਹੈ 15 ਪ੍ਰਤੀਸ਼ਤ ਤੋਂ 50 ਪ੍ਰਤੀਸ਼ਤ ਤੱਕ ਕੀਮਤਾਂ ਘੱਟ ਕਰ ਦਿੱਤੀਆਂ ਹਨ ।

● ਵਧੀਆ ਕੁਆਲਿਟੀ ● ਵਾਜਬ ਕੀਮਤਾਂ ਤੇ
● ਭਰੋਸੇਯੋਗ ਸਰਵਿਸ ਲਈ ਹਮੇਸ਼ਾਂ ਯਾਦ ਰੱਖੋ

ਆਪਣੇ ਘਰਾਂ ਵਿੱਚ ਵਧੀਆ ਮਜ਼ਬੂਤ ਤੇ ਸ਼ਾਨਦਾਰ ਫਰਨੀਚਰ ਰੱਖਣ ਲਈ ਹਮੇਸ਼ਾ ਇਕ ਹੀ ਨਾਮ ਯਾਦ ਰੱਖੋ

*OPEN 7 DAYS A WEEK*

LF

## LOYAL FURNITURE LTD

**Ph.: 879-8319** **2707 Main Street,(at 11th Ave.) Vancouver, B.C.** **Ph.: 879-4813**

**Loyal - The Most Trusted Name in Furniture Business.**

# ਪੰਜ ਸਿੰਘ ਸਾਹਿਬਾਨ ਵਲੋਂ ਇੰਦਰਾ ਦੇ ਕਤਲ ਦੀ ਨਿਖੇਧੀ

ਅੰਮ੍ਰਿਤਸਰ — ਸਿੱਖਾਂ ਦੇ ਤਖਤਾਂ ਦੇ ਸਿੰਘ ਸਾਹਿਬਾਨ ਨੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਦੀ ਸਖਤ ਨਿਖੇਧੀ ਕੀਤੀ ਹੈ। ਆਪਣੇ ਬਿਆਨ ਵਿਚ ਉਨ੍ਹਾਂ ਕਿਹਾ ਕਿ ਸਿੱਖ ਧਰਮ ਵਿਚ ਅਜਿਹੇ ਕਤਲਾਂ ਲਈ ਕੋਈ ਥਾਂ ਨਹੀਂ।

# ਨਵੀਂ ਦਿੱਲੀ ਵਿਚ ਫ਼ਸਾਦ ਜ਼ੋਰਾਂ 'ਤੇ

ਇੰਦਰਾ ਗਾਂਧੀ ਦੀ ਮੌਤ ਦੀ ਖਬਰ ਸੁਣਦਿਆਂ ਹੀ ਲੋਕ ਭਾਰੀ ਗਿਣਤੀ ਵਿਚ ਇਕੱਠੇ ਹੋਣੇ ਸ਼ੁਰੂ ਹੋ ਗਏ। ਪ੍ਰੈਸ ਦੀਆਂ ਖਬਰਾਂ ਅਨੁਸਾਰ ਨਵੀਂ ਦਿੱਲੀ ਵਿਚ 60 ਥਾਵਾਂ ਤੇ ਅੱਗਾਂ ਭੜਕ ਰਹੀਆਂ ਹਨ। ਗੁੱਸੇ ਵਿਚ ਆਏ ਇਕ ਫਿਰਕੇ ਦੇ ਲੋਕ ਦੂਜੇ ਫਿਰਕੇ ਵਿਰੁਧ ਅਜਿਹੀਆਂ ਕਾਰਵਾਈਆਂ ਉਤੇ ਉਤਰ ਆਏ ਹਨ।

ਫੌਜੀ ਦਸਤੇ ਦਿੱਲੀ ਵਿਚ ਗਸ਼ਤ ਕਰ ਰਹੇ ਹਨ। 120 ਦੇ ਕਰੀਬ ਵਿਅਕਤੀਆਂ ਦੇ ਇਨ੍ਹਾਂ ਫਸਾਦਾਂ ਵਿਚ ਮਾਰੇ ਜਾਣ ਦੀਆਂ ਖਬਰਾਂ ਵੀ ਹਨ। 300 ਤੋਂ ਵੱਧ ਵਿਅਕਤੀ ਜ਼ਖਮੀ ਹਾਲਤ ਵਿਚ ਹਨ।

ਬੱਸਾਂ, ਕਾਰਾਂ ਅਤੇ ਧਾਰਮਿਕ ਸਥਾਨਾਂ ਨੂੰ ਅੱਗਾਂ ਲਾਏ ਜਾਣ ਦੀਆਂ ਵੀ ਖਬਰਾਂ ਆ ਰਹੀਆਂ ਹਨ। ਜਾਪਦਾ ਹੈ ਇਸ ਸਮੇਂ ਸਾਰਾ ਭਾਰਤ ਹੀ ਅੱਗ ਦੀ ਲਪੇਟ ਵਿਚ ਹੈ।

## ਕਲਕੱਤੇ ਵਿਚ ਗੋਲੀ ਚੱਲੀ

ਭੀੜ ਨੂੰ ਖਿੰਡਾਉਣ ਲਈ ਕਲਕੱਤੇ ਵਿਚ ਪੁਲੀਸ ਵਲੋਂ ਗੋਲੀ ਚਲਾਉਣ ਉਤੇ ਇਕ ਵਿਅਕਤੀ ਦੀ ਮੌਤ ਹੋ ਗਈ ਹੈ।

ਫਿਰਕੂ ਫਸਾਦਾਂ ਦੀ ਖਬਰਾਂ ਲਗਾਤਾਰ ਜਾਰੀ ਹਨ।

## ਭਾਰਤ ਦੀ ਜਮਹੂਰੀਅਤ ਖਤਰੇ ਵਿਚ

ਨਵੀਂ ਦਿੱਲੀ — ਪੱਛਮੀ ਦਰਸ਼ਕਾਂ ਅਨੁਸਾਰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਨਾਲ ਸੰਸਾਰ ਦੀ ਸਭ ਤੋਂ ਵੱਡੀ ਜਮਹੂਰੀਅਤ ਇਸ ਸਮੇਂ ਗੰਭੀਰ ਖਤਰੇ ਦਾ ਸਾਹਮਣਾ ਕਰ ਰਹੀ ਹੈ। ਨਵੇਂ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਇਸ ਸਮੇਂ ਇਸ ਸੰਕਟ ਦਾ ਸਾਹਮਣਾ ਹੈ ਜਿਸਨੇ ਇੰਦਰਾ ਗਾਂਧੀ ਦੇ ਕਤਲ ਹੋਣ ਪਿਛੋਂ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਿਆ ਹੈ। ਦੇਸ਼ ਵਿਚ ਸ਼ਾਂਤੀ ਕਾਇਮ ਕਰਨਾ ਤੇ ਕੌਮ ਦੀ ਏਕਤਾ ਕਾਇਮ ਰੱਖਣੀ ਇਸ ਸਮੇਂ ਜ਼ਰੂਰੀ ਸਮਝਿਆ ਜਾ ਰਿਹਾ ਹੈ।

# ਜਗਜੀਤ ਸਿੰਘ ਚੌਹਾਨ ਵਲੋਂ ਫਿਰ ਧਮਕੀ

ਲੰਡਨ ਵਿਚ, ਨੀਊਜ਼ ਸਰਵਿਸ ਅਨੁਸਾਰ, ਜਗਜੀਤ ਸਿੰਘ ਚੌਹਾਨ ਨੇ ਕਿਹਾ ਕਿ ਇਹ ਕਤਲ ਦਹਿਸ਼ਤਪਸੰਦੀ ਦਾ ਪਹਿਲਾ ਕਾਰਨਾਮਾ ਹੈ ਜੋ ਭਾਰਤ ਸਰਕਾਰ ਵਿਰੁਧ ਕੀਤਾ ਗਿਆ ਹੈ। ਉਸਨੇ ਕਿਹਾ ਕਿ ਇਹ ਤਾਂ 'ਕੰਮ' ਅਜੇ ਸ਼ੁਰੂ ਹੀ ਹੋਇਆ ਹੈ।

ਨੀਊਜ਼ ਸਰਵਿਸ ਏਜੰਸੀ ਅਨੁਸਾਰ ਰਾਜੀਵ ਗਾਂਧੀ ਨੂੰ ਪਿਛਲੇ ਚਾਰ ਸਾਲ ਤੋਂ ਤਿਆਰ ਕੀਤਾ ਜਾ ਰਿਹਾ ਸੀ ਤਾਂਕਿ ਉਹ ਇੰਦਰਾ ਗਾਂਧੀ ਦਾ ਉਤਰ ਅਧਿਕਾਰੀ ਬਣ ਸਕੇ ਪਰ ਸਰਵਿਸ ਅਨੁਸਾਰ ਇਹ ਸਮਾਂ ਹੀ ਦੱਸੇਗਾ ਕਿ ਉਸ ਦੀ ਪਕੜ ਭਾਰਤ ਬਾਰੇ ਕਿੰਨੀ ਕੁ ਹੈ।

ਪਿਛਲੇ ਦੋ ਦਹਾਕਿਆਂ ਵਿਚ ਇੰਦਰਾ ਗਾਂਧੀ ਭਾਰਤੀ ਸਿਆਸਤ ਤੇ ਬੋਹੜ ਵਾਂਗ ਛਾਈ ਰਹੀ ਹੈ ਅਤੇ ਉਸਦੀ ਅਚਾਨਕ ਮੌਤ ਨਾਲ ਹਾਲਾਤ ਕੀ ਪਾਸਾ ਲੈਂਦੇ ਹਨ, ਇਹ ਸਮਾਂ ਹੀ ਦੱਸੇਗਾ।

ਵਿਰੋਧੀ ਦਲ ਦੇ ਨੇਤਾ ਚਰਨ ਸਿੰਘ ਨੇ ਕਿਹਾ ਹੈ ਕਿ ਰਾਜੀਵ ਗਾਂਧੀ ਦੇ ਪ੍ਰਧਾਨ ਮੰਤਰੀ ਬਣਨ ਨਾਲ ਜਮਹੂਰੀਅਤ ਨੂੰ ਧੱਕਾ ਵੱਜਾ ਹੈ ਕਿਉਂਕਿ ਇਹ ਇਕ ਪ੍ਰਵਾਰ ਦਾ ਰਾਜ ਹੀ ਚਲਿਆ ਆ ਰਿਹਾ ਹੈ।

ਲੋਕ ਸਭਾ ਦੀਆਂ ਚੋਣਾਂ 20 ਜਨਵਰੀ ਤੋਂ ਪਹਿਲਾਂ ਹੋਣੀਆਂ ਜ਼ਰੂਰੀ ਹਨ ਪਰ ਹਾਲਾਤ ਅਨੁਸਾਰ ਰਾਜਸੀ ਦਰਸ਼ਕ ਇਹ ਨਹੀਂ ਸਮਝਦੇ ਕਿ ਚੋਣਾਂ ਹੋਣਗੀਆਂ ਵੀ ਜਾਂ ਨਹੀਂ।

# ਪੰਜਾਬੀ ਮਾਰਕਿਟ ਵਿਚ ਇੰਦਰਾ ਦੀ ਮੌਤ ਤੇ ਭੰਗੜਾ

ਵੈਨਕੂਵਰ — 'ਪ੍ਰੋਵਿਨਸ' ਅਖਬਾਰ ਅਨੁਸਾਰ ਇੰਦਰਾ ਗਾਂਧੀ ਦੀ ਮੌਤ ਤੇ ਕੁਝ ਲੋਕਾਂ ਵਲੋਂ ਪੰਜਾਬੀ ਮਾਰਕਿਟ ਵਿਚ ਭੰਗੜਾ ਪਾਇਆ ਗਿਆ। 200 ਵਿਅਕਤੀ ਇਥੇ ਇਕੱਠੇ ਹੋਏ ਅਤੇ ਅਖਬਾਰ ਅਨੁਸਾਰ ਇਹ ਕਿਹਾ ਗਿਆ ਕਿ "ਸਾਡੇ ਲਈ ਇਹ ਖੁਸ਼ੀ ਦਾ ਮੌਕਾ ਹੈ।" ਨੁਮਾਇੰਦੇ ਨਾਲ ਗਲਬਾਤ ਕਰਦਿਆਂ ਇਕ ਵਿਅਕਤੀ ਨੇ ਕਿਹਾ 'ਉਸ ਨੂੰ ਉਸ ਦੇ ਕੀਤੇ ਦੀ ਸਜ਼ਾ ਮਿਲ ਗਈ ਹੈ।' ਉਸਦਾ ਇਸ਼ਾਰਾ ਹਰਿਮੰਦਰ ਸਾਹਿਬ ਉਤੇ ਇੰਦਰਾ ਸਰਕਾਰ ਵਲੋਂ ਕੀਤੇ ਗਏ ਹਮਲੇ ਵੱਲ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਉਨ੍ਹਾਂ ਨੇ 'ਬਦਲਾ' ਲੈ ਲਿਆ ਹੈ।

ਪ੍ਰੋਵਿਨਸ ਅਖਬਾਰ ਨੇ ਆਪਣੀ ਸੁਰਖੀ ਵਿਚ ਕਿਹਾ ਹੈ ਕਿ 'ਸਿੱਖ ਖੁਸ਼ੀ ਨਾਲ ਨੱਚੇ'— ਪਟਾਕੇ ਚਲਾਏ ਗਏ।

ਅਖਬਾਰ ਨੇ ਇਹ ਵੀ ਲਿਖਿਆ ਹੈ ਕਿ ਹਰ ਵਿਅਕਤੀ ਇਸ ਕਤਲ ਤੇ ਖੁਸ਼ ਨਹੀਂ ਹੈ। ਇਕ ਸਿੱਖ ਲੀਡਰ ਨੇ ਕਿਹਾ "ਮੈਂ 6 ਜੂਨ ਨੂੰ ਵੀ ਰੋਇਆ ਸਾਂ, ਮੈਂ ਅੱਜ ਵੀ ਰੋ ਰਿਹਾ ਹਾਂ।" ਅਖਬਾਰ ਨੇ ਉਸ ਸਿੱਖ ਲੀਡਰ ਦਾ ਨਾਂ ਨਹੀਂ ਦਿਤਾ। ਉਸਨੇ ਅੱਗੇ ਕਿਹਾ, "ਤੁਹਾਡਾ ਦੇਸ਼ ਟੁਕੜੇ ਟੁਕੜੇ ਹੋ ਰਿਹਾ ਹੈ, ਇਸ ਵਿਚ ਖੁਸ਼ੀ ਵਾਲੀ ਕਿਹੜੀ ਗੱਲ ਹੈ?"



— ਭਾਰਤ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੇ 31 ਅਕਤੂਬਰ ਨੂੰ ਹੋਏ ਕਤਲ ਪਿਛੋਂ ਭਾਰਤ ਦੇ ਦੂਜਿਆਂ ਸੂਬਿਆਂ ਬਿਹਾਰ, ਉੜੀਸਾ, ਉਤਰ ਪ੍ਰਦੇਸ਼, ਜੰਮੂ ਕਸ਼ਮੀਰ, ਮਹਾਂਰਾਸ਼ਟਰ, ਮੱਧ ਪ੍ਰਦੇਸ਼ ਤੇ ਪੱਛਮੀ ਬੰਗਾਲ ਵਿਚ ਫਿਰਕੂ ਫਸਾਦ ਭੜਕ ਪਏ ਹਨ। ਭਾਰਤ ਦੇ ਨਵੇਂ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਲੋਕਾਂ ਨੂੰ ਟੀ. ਵੀ. ਤੇ ਆਲ ਇੰਡੀਆ ਉਤੇ ਅਪੀਲ ਕੀਤੀ ਹੈ ਕਿ ਸ਼ਾਂਤੀ ਦਾ ਵਾਤਾਵਰਣ ਬਣਾਇਆ ਜਾਵੇ।

# ਇੰਦਰਾ ਗਾਂਧੀ ਦੇ ਕਤਲ ਪਿੱਛੇ ਕਿਸ ਦਾ ਹੱਥ ?

ਨਵੀਂ ਦਿੱਲੀ — ਇੰਦਰਾ ਗਾਂਧੀ ਦੇ ਕਤਲ ਪਿਛੇ ਇਕ ਗੰਭੀਰ ਸਾਜ਼ਿਸ਼ ਦਾ ਪਰਦਾ ਫਾਸ਼ ਹੋਣ ਦੀਆਂ ਸੰਭਾਵਨਾਵਾਂ ਹਨ। ਕੁਝ ਸੂਤਰਾਂ ਅਨੁਸਾਰ ਇਹ 'ਅੰਤਰਰਾਸ਼ਟਰੀ ਸਾਜ਼ਿਸ਼' ਦਾ ਹਿਸਾ ਹੈ ਅਤੇ ਇਸ ਬਾਰੇ ਇਕ ਬਦਨਾਮ ਏਜੰਸੀ ਦਾ ਨਾਂ ਵੀ ਲਿਆ ਜਾ ਰਿਹਾ ਹੈ।

## ਰੂਸ ਦੇ ਅਖਬਾਰ 'ਪ੍ਰਾਵਦਾ' ਦਾ ਦੋਸ਼

ਰੂਸ ਦੇ ਅਖਬਾਰ ਪ੍ਰਾਵਦਾ ਨੇ ਅਮਰੀਕਾ ਦੀ ਏਜੰਸੀ ਸੀ. ਆਈ. ਏ. ਤੇ ਦੋਸ਼ ਲਾਇਆ ਹੈ ਕਿ ਇਹ ਏਜੰਸੀ ਭਾਰਤ ਵਿਚ ਪੂਰੀ ਤਰ੍ਹਾਂ ਸਰਗਰਮ ਹੈ ਅਤੇ ਭਾਰਤ ਦੇ ਟੋਟੇ ਟੋਟੇ ਕਰਨ ਵਿਚ ਰੁਝੀ ਹੋਈ ਹੈ।

## ਅਮਰੀਕੀ ਦੂਤ-ਘਰਾਂ ਸਾਹਮਣੇ ਵਿਖਾਵੇ

ਖਬਰਾਂ ਅਨੁਸਾਰ ਨਵੀਂ ਦਿੱਲੀ ਅਤੇ ਕਲਕੱਤਾ ਵਿਚ ਅਮਰੀਕੀ ਦੂਤ-ਘਰਾਂ ਦੇ ਸਾਹਮਣੇ ਵਿਖਾਵੇ ਹੋਏ ਹਨ ਅਤੇ ਵਿਖਾਵਾਕਾਰੀਆਂ ਨੇ ਦੋਸ਼ ਲਾਇਆ ਹੈ ਕਿ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਪਿਛੇ ਅਮਰੀਕਾ ਦੀਆਂ ਖੁਫੀਆ ਏਜੰਸੀਆਂ ਦਾ ਹੱਥ ਹੈ।

(ਪੰਨਾ 1 ਦੀ ਬਾਕੀ)

ਹਾਲਤ ਨੂੰ ਕੰਟਰੋਲ ਹੇਠ ਲਿਆਉਣ ਲਈ ਵਾਪਸ ਭੇਜ ਦਿਤਾ। ਸ੍ਰੀਮਤੀ ਗਾਂਧੀ ਦੀ ਦੇਹ ਦਾ ਸਸਕਾਰ ਸ਼ਨਿਚਰਵਾਰ ਹੋਵੇਗਾ।

## ਬਦੇਸ਼ੀ ਲੀਡਰ ਪਹੁੰਚਣੇ ਸ਼ੁਰੂ

ਸੰਸਾਰ ਦੇ 122 ਦੇਸ਼ਾਂ ਦੇ ਨੁਮਾਇੰਦੇ ਸ੍ਰੀਮਤੀ ਗਾਂਧੀ ਦੇ ਸਸਕਾਰ ਵਿਚ ਸ਼ਾਮਲ ਹੋਣ ਲਈ ਪਹੁੰਚਣੇ ਸ਼ੁਰੂ ਹੋ ਗਏ ਹਨ। ਕੈਨੇਡਾ ਦੇ ਬਦੇਸ਼ ਮੰਤਰੀ ਜੋਅ ਕਲਾਰਕ, ਕੈਨੇਡਾ ਸਰਕਾਰ ਦੀ ਪ੍ਰਤੀਨਿਧਤਾ ਕਰਨਗੇ ਜਦਕਿ ਇੰਗਲੈਂਡ ਦੀ ਨੁਮਾਇੰਦਗੀ ਸ਼ਹਿਜ਼ਾਦੀ ਏਨ ਕਰੇਗੀ ਜੋ ਪਹਿਲਾਂ ਹੀ ਭਾਰਤ ਵਿਚ ਹੈ। ਅਮਰੀਕਾ ਦੇ ਬਦੇਸ਼ ਸਕੱਤਰ ਜੋਰਜ ਸ਼ੁਲਟਜ਼ ਅਤੇ ਸੋਵੀਅਤ ਰੂਸ ਦੇ ਮਨਿਸਟਰਾਂ ਦੀ ਕੌਂਸਲ ਦੇ ਚੇਅਰਮੈਨ ਤੀਖਾਨੋਵ ਪਹੁੰਚ ਰਹੇ ਹਨ।

## 1947 ਵਾਲੀ ਹਾਲਤ

ਦਿੱਲੀ ਵਿਚ ਹਿੰਦੂ ਅਤੇ ਸਿੱਖਾਂ ਵਿਚਕਾਰ ਲੜਾਈ 1947 ਦੇ ਹਾਲਾਤ ਵਰਗਾ ਰੂਪ ਧਾਰ ਰਹੀ ਨਜ਼ਰ ਆਉਂਦੀ ਹੈ। ਯੂ. ਐਨ. ਆਈ. ਦੀ ਖਬਰ ਅਨੁਸਾਰ ਲੁੱਟਮਾਰ, ਗੋਲੀਆਂ, ਘਰਾਂ ਅਤੇ ਦੁਕਾਨਾਂ ਦਾ ਜਲਾਏ ਜਾਣਾ ਸਭ ਕੁਝ ਇਸ ਸਮੇਂ ਵਾਪਰ ਰਿਹਾ ਹੈ। ਇਸ ਸਮੇਂ ਰਾਜਧਾਨੀ ਵਿਚ ਬਹੁਤ ਥਾਵਾਂ ਤੇ ਅੱਗਾਂ ਹੀ ਅੱਗਾਂ ਨਜ਼ਰ ਆਉਂਦੀਆਂ ਹਨ ਅਤੇ ਅੱਗ ਬੁਝਾਉਣ ਵਾਲੇ ਇੰਜਣਾਂ ਨੂੰ ਵੀ ਅੱਗਾਂ ਲਾਈਆਂ ਜਾ ਰਹੀਆਂ ਹਨ।

ਲੁਟਮਾਰ ਅਤੇ ਛੁਰੇ ਮਾਰਨ ਦੀਆਂ ਘਟਨਾਵਾਂ ਖਾਸਕਰ ਮੱਧ ਪ੍ਰਦੇਸ਼ ਵਿਚ ਜਬਲਪੁਰ, ਉਤਰ ਪ੍ਰਦੇਸ਼ ਵਿਚ ਕਾਨ੍ਹਪੁਰ ਅਤੇ ਪੱਛਮੀ ਬੰਗਾਲ ਦੇ ਸ਼ਹਿਰ ਕਲਕੱਤਾ ਵਿਚ ਭਾਰੀ ਗਿਣਤੀ ਵਿਚ ਹੋ ਰਹੀਆਂ ਹਨ। ਇਥੇ ਫੌਜ ਬੁਲਾ ਲਈ ਗਈ ਹੈ। 55 ਮੌਤਾਂ ਮੱਧ ਪ੍ਰਦੇਸ਼, ਪੱਛਮੀ ਬੰਗਾਲ, ਕਸ਼ਮੀਰ, ਉਤਰਪ੍ਰਦੇਸ਼, ਤਾਮਿਲਨਾਡੂ ਅਤੇ ਕੇਰਲਾ ਦੇ ਸੂਬਿਆਂ ਵਿਚ ਵਾਪਰੀਆਂ ਹਨ। ਹਰਿਆਣਾ ਅਤੇ ਆਂਧਰਾ ਪ੍ਰਦੇਸ਼ ਵੀ ਅੱਗ ਦੀ ਲਪੇਟ ਵਿਚ ਆ ਰਹੇ ਹਨ।

ਰਾਜੀਵ ਗਾਂਧੀ ਵਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ 'ਖੂਨ ਦਾ ਬਦਲਾ ਖੂਨ' ਦੇ ਨਾਅਰੇ ਬੰਦ ਕਰੋ।

ਇੰਦਰਾ ਗਾਂਧੀ ਦਾ ਸਸਕਾਰ ਯਮਨਾ ਲਾਗੇ ਸ਼ਾਂਤੀਵਨ ਵਿਚ ਕੀਤਾ ਜਾਵੇਗਾ ਜਿਥੇ ਉਸਦੇ ਪਿਤਾ ਨਹਿਰੂ ਦਾ ਅੰਤਮ ਸਸਕਾਰ ਕੀਤਾ ਗਿਆ ਸੀ।

THE CANADA DARPAN
P.O.BOX 67344 STN. 'O'
Vancouver, B.C. V5W 3T1
Chief Editor(Hon.): DARSHAN GILL
Managing Editor : GURDEV SINGH DHALIWAL
PHONE : (604)321 - 6360
All Officeholders of CANADA DARPAN are honorary associates



## ਸੰਪਾਦਕੀ

# ਇੰਦਰਾ ਗਾਂਧੀ — ਵੱਖ ਵੱਖ ਰੂਪ

ਇੰਦਰਾ ਗਾਂਧੀ ਬਾਰੇ ਲੋਕਾਂ ਦੇ ਵੱਖ ਵੱਖ ਪ੍ਰਤੀਕਰਮ ਸਨ। ਜਿਥੇ ਲੱਖਾਂ ਲੋਕ ਉਸਨੂੰ ਨਫ਼ਰਤ ਦੀ ਨਿਗਾਹ ਨਾਲ ਦੇਖਦੇ ਸਨ ਉਥੇ ਲੱਖਾਂ ਹੀ ਉਸਨੂੰ ਦੇਸ਼ ਦੀ ਰੱਖਿਅਕ ਵਜੋਂ ਸਤਿਕਾਰਦੇ ਸਨ। ਪਰ ਸੰਸਾਰ ਵਿਚ ਰਾਜਸੀ ਤੌਰ ਤੇ ਜਿਨ੍ਹਾਂ ਔਰਤਾਂ ਨੇ ਯੋਗਦਾਨ ਪਾਇਆ ਹੈ - ਜਿਵੇਂ ਲੰਕਾ ਦੀ ਭੰਡਾਰ ਨਾਇਕੇ, ਇਜ਼ਰਾਈਲ ਦੀ ਗੋਲਡਾ ਮੇਅਰ, ਇੰਗਲੈਂਡ ਦੀ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ, ਭਾਰਤ ਵਿਚ ਲਗਪਗ 16 ਸਾਲ ਪ੍ਰਧਾਨ ਮੰਤਰੀ ਦੇ ਤੌਰ ਤੇ ਰਾਜ ਕਰਨ ਸਮੇਂ ਇੰਦਰਾ ਗਾਂਧੀ ਦਾ ਵਿਅਕਤੀਤਵ ਹਮੇਸ਼ਾ ਬਹਿਸ ਦਾ ਵਿਸ਼ਾ ਰਿਹਾ ਹੈ

ਪਿਛਲੇ ਕੁਝ ਸਮੇਂ ਤੋਂ ਇੰਦਰਾ ਗਾਂਧੀ ਨੂੰ ਸਿੱਧੇ ਅਤੇ ਅਸਿੱਧੇ ਤੌਰ ਤੇ ਕਤਲ ਦੀਆਂ ਧਮਕੀਆਂ ਦਿਤੀਆਂ ਜਾਂਦੀਆਂ ਰਹੀਆਂ। 74 ਕਰੋੜ ਦੀ ਆਬਾਦੀ ਵਾਲੇ ਮੁਲਕ ਵਿਚ ਕਿਸੇ ਰਾਜਸੀ ਲੀਡਰ ਦਾ ਏਨਾ ਚਿਰ ਪ੍ਰਧਾਨ ਮੰਤਰੀ ਬਣੇ ਰਹਿਣਾ ਆਮ ਲੋਕਾਂ ਦੀ ਨਜ਼ਰ ਵਿਚ ਇਕ ਅਚੰਭੇ ਤੋਂ ਘੱਟ ਨਹੀਂ ਸੀ। ਲਗਪਗ ਏਨਾ ਹੀ ਸਮਾਂ ਕੈਨੇਡਾ ਵਿਚ ਟਰੂਡੋ ਪ੍ਰਧਾਨ ਮੰਤਰੀ ਰਿਹਾ ਅਤੇ ਏਥੇ ਵੀ ਜਿਥੇ ਟਰੂਡੋ ਦੇ ਪ੍ਰਸ਼ੰਸਕ ਸਨ, ਉਥੇ ਉਨੇ ਹੀ ਉਸਦੇ ਵਿਰੋਧੀ ਸਨ।

28 ਅਕਤੂਬਰ ਨੂੰ ਭੁਵਨੇਸ਼ਵਰ ਵਿਚ ਤਕਰੀਰ ਕਰਦਿਆਂ ਇੰਦਰਾ ਗਾਂਧੀ ਨੇ ਕਿਹਾ 'ਜੇ ਮੈਂ ਅੱਜ ਮਰ ਜਾਵਾਂ ਤਾਂ ਮੇਰੇ ਲਹੂ ਦਾ ਤੁਪਕਾ ਕੌਮ ਨੂੰ ਸ਼ਕਤੀ ਪ੍ਰਦਾਨ ਕਰੇਗਾ।" 31 ਅਕਤੂਬਰ ਨੂੰ ਸਵੇਰੇ 9 ਵੱਜ ਕੇ 20 ਮਿੰਟ ਤੇ ਉਸਦੇ ਆਪਣੇ ਘਰ ਦੇ ਸਾਹਮਣੇ ਹੀ ਸਟੇਨ ਗੰਨਾਂ ਨਾਲ ਉਸਦੇ ਆਪਣੇ ਹੀ ਰਖਿਆਕਾਂ ਵਲੋਂ ਕਤਲ ਕਰ ਦਿੱਤੇ ਜਾਣਾ, ਬੰਗਲਾ ਦੇਸ਼ ਦੇ ਸ਼ੇਖ ਮੁਜ਼ੀਬ ਵਾਲੀ ਸਥਿਤੀ ਦਾ ਹੀ ਦੂਹਰਾ ਹੈ। ਸ਼ੇਖ ਮੁਜ਼ੀਬ ਦਾ ਪ੍ਰਵਾਰ ਸਣੇ ਕਤਲ ਉਸਦੇ ਆਪਣੇ ਹੀ ਰਖਿਅਕਾਂ ਹੱਥੋਂ ਹੋਇਆ ਸੀ।

ਭਾਰਤ ਵਿਚ ਰਾਜਸੀ ਕਤਲਾਂ ਦੀ ਪਰੰਪਰਾ ਨਹੀਂ ਹੈ। ਉਥੇ ਰਾਜਸੀ ਤੌਰ ਤੇ ਲੋਕਾਂ ਨੇ ਦੇਖਿਆ ਹੈ ਕਿ ਵੋਟ ਦੀ ਸ਼ਕਤੀ ਨਾਲ ਸਰਕਾਰਾਂ ਬਦਲੀਆਂ ਜਾ ਸਕਦੀਆਂ ਹਨ। 1977 ਵਿਚ ਇੰਦਰਾ ਗਾਂਧੀ ਦੀ ਸਰਕਾਰ ਨੂੰ ਲੋਕਾਂ ਨੇ ਵੋਟਾਂ ਰਾਹੀਂ ਹੀ ਬਦਲਿਆ ਅਤੇ ਵਿਰੋਧੀ ਪਾਰਟੀਆਂ ਨੂੰ ਮੌਕਾ ਦਿਤਾ ਕਿ ਜੋ ਰੌਲਾ ਉਹ 30 ਸਾਲ ਤੋਂ ਪਾ ਰਹੀਆਂ ਸਨ, ਉਹ ਰਾਜ ਕਰਕੇ ਦਿਖਾਉਣ। ਪਰ ਇਹ ਦੇਸ਼ ਦੀ ਬਦਕਿਸਮਤੀ ਸੀ ਕਿ ਵਿਰੋਧੀ ਪਾਰਟੀਆਂ ਆਪਣੇ ਸ੍ਵੈ-ਵਿਰੋਧੀ ਪ੍ਰੋਗਰਾਮਾਂ ਕਾਰਨ ਬਹੁਤੀ ਦੇਰ ਰਾਜ ਨਾ ਕਰ ਸਕੀਆਂ।

ਹੁਣ ਵੀ ਚੋਣਾਂ ਸਿਰ ਤੇ ਸਨ। ਪੰਜਾਬ ਵਿਚ ਜੋ ਗ਼ਲਤ ਕਦਮ ਸਰਕਾਰ ਵਲੋਂ ਚੁਕੇ ਗਏ ਸਨ, ਆਮ ਲੋਕਾਂ ਵਲੋਂ ਉਨ੍ਹਾਂ ਦੀ ਨਿੰਦਾ ਕੀਤੀ ਗਈ। ਸਿੱਖਾਂ ਦੇ ਧਾਰਮਿਕ ਸਥਾਨਾਂ ਉਤੇ ਫੌਜ ਵਲੋਂ ਕੀਤੇ ਹਮਲੇ ਨੂੰ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਸੀ ਠਹਿਰਾਇਆ ਜਾ ਸਕਦਾ ਅਤੇ ਹਰ ਸਹੀ ਸੋਚ ਵਾਲੇ ਵਿਅਕਤੀ ਨੇ ਇਸ ਹਮਲੇ ਦੀ ਨਿਖੇਧੀ ਕੀਤੀ। ਬੇਸ਼ੱਕ ਸ੍ਰੀਮਤੀ ਗਾਂਧੀ ਅਤੇ ਉਸਦੀ ਸਰਕਾਰ ਨੇ ਪੰਜਾਬ ਵਿਚ ਪਿਛਲੇ ਤਿੰਨ ਸਾਲਾਂ ਤੋਂ ਹੋ ਰਹੇ ਕਤਲਾਂ ਕਾਰਨ ਇਸ ਹਮਲੇ ਨੂੰ ਜਾਇਜ਼ ਕਰਾਰ ਦੇਣ ਦੀ ਕੋਸ਼ਿਸ਼ ਕੀਤੀ ਪਰ ਆਮ ਲੋਕਾਂ ਦੀ ਰਾਇ ਸੀ ਕਿ ਅਜਿਹਾ ਕਦਮ ਨਹੀਂ ਸੀ ਚੁਕਿਆ ਜਾਣਾ ਚਾਹੀਦਾ।

ਹੁਣ ਇੰਦਰਾ ਗਾਂਧੀ ਦੇ ਕਤਲ ਨਾਲ ਸਥਿਤੀ ਹੋਰ ਵੀ ਗੰਭੀਰ ਹੋ ਗਈ ਹੈ। ਜੋ ਹਾਲਾਤ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਪੈਦਾ ਹੋ ਰਹੇ ਹਨ, ਉਹ ਹਾਲਾਤ ਸਭ ਦੇ ਮਨਾਂ ਵਿਚ ਚਿੰਤਾ ਪੈਦਾ ਕਰਨ ਵਾਲੇ ਹਨ। ਪਹਿਲਾਂ ਵੀ ਬੇਕਸੂਰ ਲੋਕ ਇਸ ਦੇ ਸ਼ਿਕਾਰ ਹੋਏ ਹਨ ਅਤੇ ਹੁਣ ਵੀ ਆਮ ਬੇਕਸੂਰ ਲੋਕ ਇਸਦਾ ਸ਼ਿਕਾਰ ਹੋ ਰਹੇ ਹਨ।

ਬਦਲੇ ਦੀ ਅੱਗ ਜੋ ਭਾਂਬੜ ਬਣ ਰਹੀ ਹੈ - ਭਾਰਤੀ ਲੋਕਾਂ ਅਤੇ ਭਾਰਤ ਦੇ ਸ਼ੁਭਚਿੰਤਕਾਂ ਲਈ ਦੁਖਦਾਈ ਹੈ। ਲਹੂ ਨਾਲ ਖੇਡਣਾ ਮਸਲੇ [illegible] ਸੁਲਝਾਉਂਦਾ ਨਹੀਂ, ਸਗੋਂ ਉਲਝਾਉਂਦਾ ਹੈ। ਅਜਿਹੀ ਹਾਲਤ ਵਿਚ ਦੁਆ ਹੀ ਕੀਤੀ ਜਾ ਸਕਦੀ ਹੈ ਕਿ ਮਨੁੱਖਤਾ ਦਾ ਰਾਹ ਕਤਲਾਂ ਦਾ ਰਾਹ ਨਹੀਂ, ਸਗੋਂ ਰਲਮਿਲ ਕੇ ਜਿਉਣ ਵਿਚ ਹੀ ਮਨੁੱਖਤਾ ਦੀ ਰਾਹਤ ਹੈ।

**ਕਿਸੇ ਹੋਰ ਥਾਂ ਮੂਵ ਹੋ ਰਹੇ ਹੋ?**
**ਕ੍ਰਿਪਾ ਕਰਕੇ ਸਾਨੂੰ ਜ਼ਰੂਰ ਦੱਸੋ।**

ਚਿਟ ਨੰਬਰ-----------------------
ਪੁਰਾਣਾ ਪਤਾ-----------------------
--------------------------------
--------------------------------
--------------------------------
ਨਵਾਂ ਪਤਾ ਸਟਰੀਟ/ਐਵੇਨਿਊ----------
ਟਾਊਨ-----------------------------
ਸਟੇਟ-----------------------------
ਪੋਸਟਲ ਕੋਡ-----------------------
ਫੋਨ ਨੰਬਰ------------------------

# ਏਕਤਾ ਦੀ ਅਪੀਲ

## ਸੰਕਟ ਦਾ ਸਮਾਂ

ਅੱਜ ਸਾਡੀ ਕਮਿਊਨਿਟੀ ਇਕ ਡੂੰਘੇ ਸੰਕਟ ਦਾ ਸਾਹਮਣਾ ਕਰ ਰਹੀ ਹੈ ਜਿਸ ਦਾ ਸਾਡੀ ਕਮਿਊਨਿਟੀ ਦੇ ਭਵਿੱਖ ਉਤੇ ਡੂੰਘਾ ਅਸਰ ਪਵੇਗਾ ਅਤੇ ਇਸ ਸੰਕਟ ਲਈ ਅਸੀਂ ਆਪ ਹੀ ਜ਼ਿੰਮੇਂਵਾਰ ਹਾਂ। ਕੁਝ ਲੋਕ ਹਿੰਦੂ ਅਤੇ ਸਿੱਖਾਂ ਵਿਚਕਾਰ ਪਾੜਾ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਕਮਿਊਨਿਟੀ ਵਿਚ ਫਿਰਕੂ ਅਤੇ ਧਾਰਮਿਕ ਨਫਰਤ ਫੈਲਾ ਰਹੇ ਹਨ। ਇਹ ਪਾੜਾ ਸਾਡੀ ਕਮਿਊਨਿਟੀ ਸਾਹਮਣੇ ਆਏ ਪਹਿਲਾਂ ਦੇ ਕਿਸੇ ਵੀ ਵਿਤਕਰੇ, ਨਫਰਤ ਅਤੇ ਹਿੰਸਾ ਨਾਲੋਂ ਵੱਧ ਦੁਖਦਾਈ ਹੈ। ਨਸਲਵਾਦੀ ਨਫ਼ਰਤ ਦੀ ਵਿਰੋਧਤਾ ਨੇ ਸਾਨੂੰ ਮਜ਼ਬੂਤੀ ਦਿੱਤੀ ਕਿਉਂਕਿ ਇਸ ਨਫਰਤ ਵਿਰੁੱਧ ਲੜਨ ਲਈ ਅਸੀਂ ਏਕਾ ਕੀਤਾ, ਪਰ ਜਿਹੜੀ ਨਫਰਤ ਅਸੀਂ ਆਪਣੇ ਆਪ ਵਿਚਕਾਰ ਫੈਲਾ ਰਹੇ ਹਾਂ ਇਹ ਸਾਨੂੰ ਕਮਜ਼ੋਰ ਬਣਾਉਂਦੀ ਹੈ ਅਤੇ ਸਾਡੀ ਕਮਿਊਨਿਟੀ ਨੂੰ ਬੇਸਹਾਰਾ ਕਰਦੀ ਹੈ; ਇਹ ਨਫਰਤ ਨਸਲਵਾਦੀ ਅਤੇ ਹੋਰ ਵਿਤਕਰੇ ਭਰੇ ਹਮਲਿਆਂ ਨੂੰ ਹੱਲਾਸ਼ੇਰੀ ਦਿੰਦੀ ਹੈ।

ਇਸ ਦੇਸ਼ ਵਿਚ ਪੈਰ ਜਮਾਉਣ ਲਈ ਸਾਡੀ ਕਮਿਊਨਿਟੀ ਨੇ ਅੱਸੀ ਸਾਲ ਸੰਘਰਸ਼ ਕੀਤਾ ਹੈ। ਅਸੀਂ ਲੱਕੜ ਮਿੱਲਾਂ, ਫਾਰਮਾਂ ਅਤੇ ਫੈਕਟਰੀਆਂ ਵਿਚ ਕੰਮ ਕਰਕੇ ਇਸ ਮੁਲਕ ਲਈ ਦੌਲਤ ਪੈਦਾ ਕੀਤੀ ਹੈ ਤੇ ਹਰ ਤਰ੍ਹਾਂ ਦੇ ਨਸਲਵਾਦੀ ਵਿਤਕਰੇ ਅਤੇ ਹਿੰਸਾ ਵਿਰੁੱਧ ਸੰਘਰਸ਼ ਕੀਤਾ ਹੈ। ਅਸੀਂ ਸ੍ਵੈਮਾਣ ਲਈ ਅਤੇ ਇਸ ਸਮਾਜ ਵਿਚ ਬਰਾਬਰ ਦੇ ਭਾਈਵਾਲ ਬਣਨ ਲਈ ਲੜੇ ਹਾਂ। ਇਸ ਪਾਸੇ ਵੱਲ ਅਸੀਂ ਕਾਫੀ ਪ੍ਰਾਪਤੀਆਂ ਕੀਤੀਆਂ ਹਨ, ਕਿਉਂਕਿ ਸਾਡੇ ਸੰਘਰਸ਼ ਨੇ ਸਾਨੂੰ ਏਕਤਾ ਅਤੇ ਮਜ਼ਬੂਤੀ ਬਖਸ਼ੀ। ਅੱਜ ਸਾਡੀ ਕਮਿਊਨਿਟੀ ਪਹਿਲਾਂ ਦੇ ਮੁਕਾਬਲੇ ਨਾਲੋਂ ਕਿਤੇ ਵੱਧ ਸਥਾਪਤ ਹੋ ਗਈ ਹੈ। ਸਾਡੀ ਆ ਰਹੀ ਪਨੀਰੀ ਦਾ ਭਵਿੱਖ ਪਹਿਲਾਂ ਨਾਲੋਂ ਉਜੱਲਾ ਹੋ ਗਿਆ ਹੈ ਪਰ ਬਦਕਿਸਮਤੀ ਨਾਲ ਇਤਿਹਾਸ ਦੇ ਇਸ ਪੜਾਅ ਤੇ ਸਾਡੀ ਕਮਿਊਨਿਟੀ ਵਿਚ ਅਜਿਹੀਆਂ ਸ਼ਕਤੀਆਂ ਉਠ ਖੜੋਤੀਆਂ ਹਨ ਜੋ ਸਾਡੇ ਵਿਚਕਾਰ ਫੁੱਟ ਅਤੇ ਨਫਰਤ ਨੂੰ ਖੁਲ-ਮ-ਖੁਲਾ ਫੈਲਾ ਰਹੀਆਂ ਹਨ। ਇਸ ਨਾਲ ਅਸੀਂ ਜੋ ਕੁਝ ਵੀ ਹੁਣ ਤੱਕ ਹਾਸਲ ਕੀਤਾ ਹੈ, ਉਸ ਨੂੰ ਗੁਆ ਬੈਠਣ ਦੀ ਪੂਰੀ ਪੂਰੀ ਸੰਭਾਵਨਾ ਪੈਦਾ ਹੋ ਗਈ ਹੈ।

**ਲੋਕ ਸਦ ਭਾਵਨਾ ਮੰਚ** ਸਾਡੀ ਕਮਿਊਨਿਟੀ ਵਿਚ ਪੈ ਰਹੀ ਇਸ ਫੁੱਟ ਨੂੰ ਦੂਰ ਕਰਨ ਲਈ ਹੀ ਸਥਾਪਤ ਕੀਤਾ ਗਿਆ ਹੈ ਤਾਂ ਕਿ ਅਸੀਂ ਆਪਣੇ ਪਹਿਲਾਂ ਵਾਲੇ ਇਤਿਹਾਸਕ ਪੜਾ ਤੇ ਇਕੱਠੇ ਹੋ ਕੇ ਦੇਸ਼ ਵਿਚ ਆਪਣੇ ਲਈ ਯੋਗ ਥਾਂ ਬਣਾ ਸਕੀਏ ਅਤੇ ਬੱਚਿਆਂ ਲਈ ਮਾਣ ਅਤੇ ਬਰਾਬਰਤਾ ਭਰਪੂਰ ਭਵਿੱਖ ਬਣਾ ਸਕੀਏ। ਇਹ ਪੈਂਫਲਿਟ ਸਾਡੇ ਇਤਿਹਾਸ ਅਤੇ ਵਿਰਸੇ ਦੀ ਯਾਦ ਤਾਜ਼ਾ ਕਰਾਉਂਦਾ ਹੈ। ਹਿੰਦੂ ਅਤੇ ਸਿੱਖ ਭਾਰਤ ਅਤੇ ਕੈਨੇਡਾ ਵਿਚ ਹਮੇਸ਼ਾਂ ਡੂੰਘੀ ਇਕਸੁਰਤਾ ਨਾਲ ਇਕੱਠੇ ਰਹੇ ਹਨ। ਇਨ੍ਹਾਂ ਇਕੱਠਿਆਂ ਨੇ ਹੀ ਬਰਤਾਨਵੀ ਹਕੂਮਤ ਵਿਰੁੱਧ ਸੰਘਰਸ਼ ਕੀਤਾ ਅਤੇ ਏਥੇ ਇਸ ਕਮਿਊਨਿਟੀ ਨੂੰ ਪੈਰਾਂ ਤੇ ਖੜ੍ਹਾ ਕੀਤਾ। ਇਸ ਏਕਤਾ ਨੂੰ ਬਰਕਰਾਰ ਰੱਖਣਾ ਅਤੇ ਸਾਰੀਆਂ ਫੁਟ ਪਾਊ ਤਾਕਤਾਂ ਦਾ, ਜੋ ਸਾਡੀ ਕਮਿਊਨਿਟੀ ਨੂੰ ਕਮਜ਼ੋਰ ਕਰਦੀਆਂ ਹਨ ਵਿਰੋਧ ਕਰਨਾ ਸਾਡਾ ਫਰਜ਼ ਬਣਦਾ ਹੈ ਜਨੂੰਨੀ ਅਤੇ ਮੌਕਾਪ੍ਰਸਤ ਲੋਕਾਂ ਗ਼ਾ ਅਲੱਗ ਥਲੱਗ ਕਰਨਾ ਹੋਵੇਗਾ ਜੋ ਕਮਿਊਨਿਟੀ ਨੂੰ ਗੁਮਰਾਹ ਕਰ ਰਹੇ ਹਨ ਅਤੇ ਇਸਦਾ ਨੁਕਸਾਨ ਕਰ ਰਹੇ ਹਨ। ਸਾਨੂੰ ਸਾਡੀ ਕਮਿਊਨਿਟੀ ਦੇ ਵਡੇਰਿਆਂ ਵੱਲੋਂ ਦੱਸੇ ਰਾਹ ਤੇ ਤੁਰਨਾ ਹੋਵੇਗਾ ਤਾਂ ਕਿ ਆਉਣ ਵਾਲੀ ਪਨੀਰੀ ਲਈ ਭਵਿੱਖ ਦੀ ਆਸ ਦੀ ਕਿਰਨ ਉਜਾਗਰ ਰਹੇ।

## ਸਾਡਾ ਵਿਰਸਾ

ਪਿਛੋਕੜ ਵੱਲ ਝਾਤ ਮਾਰੀਏ ਤਾਂ ਆਪਣੇ ਆਪ ਸਪੱਸ਼ਟ ਹੋ ਜਾਂਦਾ ਹੈ ਕਿ ਪੰਜਾਬ ਦਾ ਇਤਿਹਾਸ, ਖਾਸ ਕਰ ਸਿੱਖ ਲਹਿਰ, ਵੱਖ ਵੱਖ ਧਰਮਾਂ ਦੇ ਲੋਕਾਂ ਦੀ ਇਕ ਸੁਰਤਾ ਦੀ ਬਹੁਤ ਵਧੀਆ ਮਿਸਾਲ ਹੈ। ਪੰਜਾਬ ਉਹ ਧਰਤੀ ਹੈ ਜਿਥੇ ਗੁਰੂ ਨਾਨਕ ਨੇ ਸਾਂਝੀਵਾਲਤਾ ਦਾ ਪ੍ਰਚਾਰ ਕੀਤਾ ਤੇ ਕਿਹਾ ਕਿ ਸਭ ਦਾ ਮੂਲ ਇਕ ਹੈ। ਗੁਰੂ ਨਾਨਕ ਨੇ ਉਨ੍ਹਾਂ ਧਰਮਾਂ ਦਾ ਵਖਰੇਵਾਂ ਨਹੀਂ ਪ੍ਰਚਾਰਿਆ ਸਗੋਂ ਅਮੀਰਾਂ ਅਤੇ ਗਰੀਬਾਂ ਦਾ ਵਖਰੇਵਾਂ ਨਿੰਦਿਆ। 'ਭਾਗੋਆਂ' ਅਤੇ 'ਲਾਲੋਆਂ' ਦਾ ਵਖਰੇਵਾਂ ਉਜਾਗਰ ਕੀਤਾ।

ਅਸਲ ਵਿਚ ਸਿੱਖ ਲਹਿਰ ਦੇ ਮਹਾਨ ਆਗੂਆਂ ਧਰਮ ਨੂੰ ਆਪਣੀ ਸੋਚ ਅਤੇ ਅਮਲਾਂ ਦਾ ਆਧਾਰ ਘੱਟ ਹੀ ਬਣਾਇਆ। ਸਗੋਂ ਉਨ੍ਹਾਂ ਦਾ ਘੋਲ ਲੁੱਟ ਖਸੁੱਟ ਅਤੇ ਜ਼ੁਲਮ ਵਿਰੁਧ ਸੀ। ਜੋ ਜ਼ਾਲਮ ਮੁਸਲਿਮ ਹਾਕਮ ਸਨ ਤਾਂ ਉਨ੍ਹਾਂ ਮੁਸਲਮਾਨ ਲੋਕਾਂ ਤੋਂ ਬਦਲਾ ਲੈਣ ਬਾਰੇ ਸੋਚਿਆ ਤੱਕ ਨਹੀਂ ਸੀ।

ਗੁਰੂ ਅਰਜਨ ਦੇਵ ਜੀ ਨੂੰ ਇਕ ਮੁਸਲਮਾਨ ਸ਼ਰਨਾਰਥੀ ਨੂੰ ਆਸਰਾ ਦੇਣ ਬਦਲੇ, ਆਪਣੇ ਉਪਰ ਬਲਦੀ ਰੇਤ ਪੁਆ ਸ਼ਹੀਦੀ ਪ੍ਰਾਪਤ ਕਰਨੀ ਪਈ। ਭਾਈ ਤਾਰੂ ਸਿੰਘ ਨੇ ਮੁਸਲਮਾਨ ਬੰਦੀਕਾਰਾਂ ਤੋਂ ਇਕ ਮਾਸੂਮ ਮੁਸਲਮਾਨ ਲੜਕੀ ਨੂੰ ਛੁਡਾਉਣ ਬਦਲੇ ਤਸੀਹੇ ਝੱਲੇ। ਗੁਰੂ ਤੇਗ ਬਹਾਦਰ ਦੀ ਕਸ਼ਮੀਰੀ ਪੰਡਤਾਂ ਨੂੰ ਬਚਾਉਣ ਖਾਤਰ ਸ਼ਹੀਦੀ ਕਿਸੇ ਨੂੰ ਭੁੱਲੀ ਨਹੀਂ।

ਪਰ, ਪਿਛਲੇ ਕੁਝ ਸਾਲਾਂ ਤੋਂ, ਵੱਖ ਵੱਖ ਰਾਜਸੀ ਪਾਰਟੀਆਂ ਦੇ ਮੌਕਾਪ੍ਰਸਤ ਲੀਡਰ ਇਸ ਖੂਬਸੂਰਤ ਇਤਿਹਾਸ ਦੀ ਰੂਹ ਨੂੰ ਪਲੀਤ ਕਰਨ ਦੀ ਕੋਸ਼ਿਸ਼ ਵਿਚ ਰੁਝੇ ਹੋਏ ਹਨ। ਮਾਸੂਮ ਲੋਕਾਂ ਦੇ ਮਨਾਂ ਵਿਚ ਫਿਰਕੂ ਜ਼ਹਿਰ ਭਰ, ਹਿੰਦੂ ਸਿੱਖਾਂ ਨੂੰ ਭੜਕਾ ਕੇ ਭਰਾ-ਮਾਰੂ ਜੰਗ ਵੱਲ ਧੱਕ ਰਹੇ ਹਨ।

## ਕੈਨੇਡਾ ਵਿਚ ਸਾਡਾ ਇਤਿਹਾਸ

ਬੀ. ਸੀ. ਵਿਚ 1904 ਵਿਚ ਆਉਣ ਸਮੇਂ ਤੋਂ ਲੈ ਕੇ, ਕੈਨੇਡਾ ਵਿਚ ਵੀ ਜ਼ੁਲਮ ਵਿਰੁੱਧ ਜੂਝਣ ਲਈ ਸਾਡਾ ਇਤਿਹਾਸ ਭਰਿਆ ਪਿਆ ਹੈ। ਭਾਰਤ ਦੀ ਗੁਲਾਮੀ, ਬਰਤਾਨਵੀ ਇਨਸਾਫ ਪ੍ਰਣਾਲੀ ਦੀ ਮੱਕਾਰੀ ਅਤੇ ਵਿਤਕਰੇ, ਕੈਨੇਡਾ ਦੇ ਸਮਾਜ ਵਿਚ ਨਸਲਵਾਦ ਵਰਗੀਆਂ ਮੁਸ਼ਕਲਾਂ ਸਨ ਜਿਨ੍ਹਾਂ ਵਿਰੁੱਧ ਅਸੀਂ ਸੰਘਰਸ਼ ਕੀਤਾ ਹੈ। ਇਨ੍ਹਾਂ ਸੰਘਰਸ਼ਾਂ ਦਾ ਖੂਬਸੂਰਤ ਖਾਸਾ ਸਾਡੀ ਏਕਤਾ ਰਹੀ ਹੈ। ਸਾਂਝੇ ਨਿਸ਼ਾਨੇ ਲਈ ਭਾਰਤ ਦੇ ਹਰ ਧਰਮ ਅਤੇ ਹਰ ਹਿੱਸੇ ਦੇ ਲੋਕ ਹਮੇਸ਼ਾਂ ਇਕੱਠੇ ਰਹੇ ਹਨ।

1908 ਤੱਕ 5000 ਦੇ ਕਰੀਬ ਭਾਰਤੀ, ਜਿਨ੍ਹਾਂ ਵਿਚੋਂ ਬਹੁਤੇ ਪੰਜਾਬ ਤੋਂ ਸਨ, ਕੈਨੇਡਾ ਵਿਚ ਰਹਿੰਦੇ ਸਨ। ਬੀ. ਸੀ. ਵਿਚ ਹਾਲਾਤ ਉਨ੍ਹਾਂ ਲਈ ਸੁਖਾਵੇਂ ਨਹੀਂ ਸਨ। ਵੈਨਕੂਵਰ ਦਾ ਇਕ ਪਾਰਲੀਮੈਂਟ ਮੈਂਬਰ, ਸਟੀਵਨਜ਼, ਟੋਰੀ ਫੈਡਰਲ ਸਰਕਾਰ ਵਿਚ ਇੰਮੀਗਰੇਸ਼ਨ ਮਾਮਲਿਆਂ ਦਾ ਇੰਚਾਰਜ ਸੀ ਅਤੇ ਉਹ ਕੈਨੇਡਾ ਵਿਚ ਭਾਰਤੀਆਂ ਦੇ ਦਾਖਲੇ ਦੇ ਉੱਕਾ ਹੀ ਵਿਰੁੱਧ ਸੀ। ਸਰਕਾਰੀ ਅਤੇ ਪਬਲਿਕ ਪੱਧਰ ਤੇ ਭਾਰਤ-ਵਿਰੋਧੀ ਜਜ਼ਬੇ ਦਾ ਬੋਲਬਾਲਾ ਸੀ। ਅਜਿਹੇ ਅਸੁਖਾਵੇਂ ਮਾਹੌਲ ਵਿਚ ਸਾਡੇ ਲੋਕਾਂ ਨੂੰ ਰਹਿਣਾ ਪੈ ਰਿਹਾ ਸੀ। ਪਰ ਉਹ ਇਕੱਠੇ ਰਹੇ ਅਤੇ ਅਕਸਰ ਜਿੱਤਦੇ ਰਹੇ।

ਇੰਡੋ-ਕਨੇਡੀਅਨਾਂ ਦੇ ਪ੍ਰਮੁਖ ਆਗੂ ਹਸਨ ਰਹੀਮ ਦੇ ਕੇਸ ਦੀ ਜਿੱਤ ਭਾਰਤੀਆਂ ਦੀ ਪਹਿਲੀ ਜਿੱਤ ਸੀ। ਉਸ ਨੂੰ ਕੈਨੇਡਾ ਵਿਚ ਰਹਿਣ ਤੋਂ ਮਨਾਹੀ ਕਰ ਦਿੱਤੀ ਗਈ ਸੀ। ਪਰ ਉਹ ਕਚਹਿਰੀਆਂ ਵਿਚ ਲੜਿਆ ਅਤੇ ਦੇਸ਼-ਵਾਪਸੀ ਵਿਰੁੱਧ ਜਿੱਤ ਪ੍ਰਾਪਤ ਕੀਤੀ। ਰਹੀਮ (ਜੋ ਅਸਲ ਵਿਚ ਹਿੰਦੂ ਸੀ ਪਰ ਸਮਾਜਵਾਦੀ ਅਸਰ ਕਾਰਨ ਉਸਨੇ ਨਾਂ ਬਦਲ ਲਿਆ ਸੀ) ਪਹਿਲਾ ਭਾਰਤੀ ਸੀ ਜਿਸਨੇ ਕੈਨੇਡਾ ਵਿਚ ਆਪਣੀ ਵੋਟ (ਗ਼ੈਰ ਕਾਨੂੰਨੀ ਤੌਰ ਤੇ) ਪਾਈ ਜਿਸ ਕਾਰਨ ਉਸ ਨੂੰ ਸਜ਼ਾ ਵੀ ਮਿਲੀ।

ਭਾਰਤੀਆਂ ਨੂੰ ਦੂਜੇ ਇੰਮੀਗਰੈਂਟਾਂ ਵਾਲੇ ਹੱਕ ਵੀ ਪ੍ਰਾਪਤ ਨਹੀਂ ਸਨ। ਉਦਾਹਰਣ ਵਜੋਂ, ਉਹ ਆਪਣੇ ਪ੍ਰਵਾਰ ਵੀ ਕੈਨੇਡਾ ਵਿਚ ਨਹੀਂ ਮੰਗਾ ਸਕਦੇ ਸਨ। ਉਨ੍ਹਾਂ ਐ ਪ੍ਰਤੀਨਿਧ ਮੰਡਲ ਅਟਵਾ, ਲੰਡਨ ਅਤੇ ਭਾਰਤ ਭੇਜੇ ਤਾਕਿ ਵਿਤਕਰੇ ਭਰਪੂਰ ਵਤੀਰੇ ਨੂੰ ਦੱਸਿਆ ਜਾ ਸਕੇ। ਪਰ ਕਿਸੇ ਥਾਂ ਤੋਂ ਵੀ ਉਨ੍ਹਾਂ ਨੂੰ ਹਮਦਰਦੀ ਤੱਕ ਨਾ ਮਿਲੀ।

ਉਨ੍ਹਾਂ ਆਪਣੀ ਆਵਾਜ਼ ਬੁਲੰਦ ਕਰਨ ਲਈ ਅਖਬਾਰ ਕੱਢੇ। ਵਿਕਟੋਰੀਆ ਤੋਂ ਡਾ: ਸੁੰਦਰ ਸਿੰਘ ਨੇ ਮਾਸਕ 'ਏਰੀਅਨ' ਅਤੇ ਪੰਦਰਾ ਰੋਜ਼ਾ 'ਸੰਸਾਰ' ਅੰਗਰੇਜ਼ੀ ਵਿਚ ਛਾਪੇ। ਹਸਨ ਰਹੀਮ ਨੇ ਵੈਨਕੂਵਰ ਤੋਂ ਅੰਗਰੇਜ਼ੀ ਵਿਚ 'ਹਿੰਦੁਸਤਾਨੀ' ਦੀ ਸੰਪਾਦਨੀ ਕੀਤੀ। ਇਨ੍ਹਾਂ ਅਖਬਾਰਾਂ ਵਿਚ ਸਥਾਨਕ ਭਾਰਤੀ ਕਮਿਊਨਿਟੀ ਦੇ ਮਸਲਿਆਂ ਬਾਰੇ ਬਹੁਤੀਆਂ ਗੱਲਾਂ ਪ੍ਰਕਾਸ਼ਤ ਹੁੰਦੀਆਂ ਸਨ।

ਵੈਨਕੂਵਰ ਵਿਚ ਸੈਕਿੰਡ ਐਵੇਨੀਊ ਵਾਲਾ ਗੁਰਦੁਆਰਾ ਸਮਾਜਕ ਤੇ ਰਾਜਸੀ ਗਤੀਵਿਧੀਆਂ ਦਾ ਕੇਂਦਰ ਬਣਿਆ ਜਿਸ ਵਿਚ ਸਮੁੱਚੀ ਕਮਿਊਨਿਟੀ (ਸਮੇਤ ਹਿੰਦੂਆਂ ਅਤੇ ਸਿੱਖਾਂ ਦੇ) ਬਰਾਬਰ ਦਾ ਹਿਸਾ ਲੈਂਦੀ ਸੀ। ਭਾਈ ਭਾਗ ਸਿੰਘ, ਖਾਲਸਾ ਦੀਵਾਨ ਸੁਸਾਇਟੀ ਦੇ ਪ੍ਰਧਾਨ ਅਤੇ ਭਾਈ ਬਲਵੰਤ ਸਿੰਘ, ਗਰੰਥੀ, ਮੁੱਖ ਆਗੂ ਸਨ। ਜਦੋਂ ਬੀ. ਸੀ. ਸਰਕਾਰ ਨੇ ਸਾਡੇ ਸਾਰੇ ਲੋਕਾਂ ਨੂੰ ਹਾਂਡੂਰਸ ਜਲਾਵਤਨ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੇ ਇਸ ਜਲਾਵਤਨੀ ਦਾ ਵਿਰੋਧ ਕੀਤਾ ਅਤੇ ਜਿੱਤ ਪ੍ਰਾਪਤ ਕੀਤੀ।

1906 ਦੇ ਲਗਪਗ, ਮੌਲਾਨਾ ਬਰਕਤਉੱਲਾ ਅਮਰੀਕਾ ਵਿਚ ਸਾਡੇ ਲੋਕਾਂ ਨੂੰ ਚੇਤੰਨ ਕਰਨ ਦੇ ਕੰਮ ਵਿਚ ਮਸਰੂਫ਼ ਸੀ। ਇਕ ਮਰਾਠੀ ਈਸਾਈ, ਸੈਮੂਅਲ ਲੂਕਸ ਜੋਸ਼ੀ ਨਾਲ ਮਿਲ ਕੇ ਉਸ ਨੇ 'ਪੈਨ ਏਰੀਅਨ ਐਸੋਸੀਏਸ਼ਨ' ਨੀਊਯਾਰਕ ਵਿਚ ਬਣਾਈ ਤਾਕਿ ਭਾਰਤ ਦੀ ਆਜ਼ਾਦੀ ਲਈ ਸੰਗਠਨ ਹੋ ਸਕੇ ਪਿਛੋਂ ਉਸ ਨੇ ਗ਼ਦਰ ਲਹਿਰ ਵਿਚ ਅਤੇ ਜਰਮਨੀ ਵਿਚ ਬਰਲਿਨ ਕਮੇਟੀ ਵਿਚ ਵੀ ਸਰਗਰਮ ਹਿਸਾ ਲਿਆ।

1913 ਵਿਚ ਗ਼ਦਰ ਲਹਿਰ ਅਮਰੀਕਾ ਦੇ ਸ਼ਾਂਤ ਮਹਾਂਸਾਗਰ ਤੱਟ ਉਤੇ ਸ਼ੁਰੂ ਹੋਈ। ਨਿਸ਼ਾਨਾ ਭਾਰਤ ਨੂੰ ਬਰਤਾਨਵੀ ਸਾਮਰਾਜ ਤੋਂ ਆਜ਼ਾਦ ਕਰਵਾਉਣਾ ਸੀ। ਪਾਰਟੀ ਧਰਮ ਨਿਰਪੇਖ ਸੀ ਅਤੇ ਇਸ ਵਿਚ ਸਾਰੇ ਧਰਮਾਂ ਦੇ ਲੋਕ ਸ਼ਾਮਲ ਸਨ। ਸੋਹਣ ਸਿੰਘ ਭਕਨਾ ਪਹਿਲੇ ਪ੍ਰਧਾਨ, ਲਾਲਾ ਹਰਦਿਆਲ ਪਹਿਲੇ ਜਨਰਲ ਸਕੱਤਰ ਅਤੇ ਕਾਂਸ਼ੀ ਰਾਮ ਪਹਿਲੇ ਖਜ਼ਾਨਚੀ ਸਨ। ਸੰਤੋਖ ਸਿੰਘ. ਕਰਤਾਰ ਸਿੰਘ ਸਰਾਭਾ, ਭਗਵਾਨ ਸਿੰਘ ਅਤੇ ਸੋਹਣ ਲਾਲ ਕੁਝ ਹੋਰ ਅਜਿਹੇ ਮੈਂਬਰ ਸਨ ਜਿਨ੍ਹਾਂ ਨੇ ਇਸ ਲਹਿਰ ਨੂੰ ਸਥਾਪਤ ਕਰਨ ਵਿਚ ਅਹਿਮ ਰੋਲ ਅਦਾ ਕੀਤਾ ਅਤੇ ਜਿਸ ਨੇ ਬਰਤਾਨਵੀ ਰਾਜ ਦੀਆਂ ਜੜ੍ਹਾਂ ਹਿਲਾ ਦਿੱਤੀਆਂ।

ਕਾਮਾਗਾਟਾ ਮਾਰੂ ਦਾ ਦੁਖਾਂਤ ਸਾਡੀ ਕਮਿਊਨਿਟੀ ਦੇ ਇਤਿਹਾਸ ਵਿਚ ਇਕ ਅਹਿਮ ਕਾਂਡ ਹੈ। 375 ਮੁਸਾਫਰਾਂ ਨਾਲ ਭਰਿਆ ਇਹ ਜਹਾਜ਼ ਮਈ 1914 ਵਿਚ ਵੈਨਕੂਵਰ ਵਿਚ ਪਹੁੰਚਿਆ। ਬਹੁਤੇ ਮੁਸਾਫਰ ਪੰਜਾਬ ਤੋਂ ਸਾਬਕਾ ਫੌਜੀ ਸਨ ਜਿਨ੍ਹਾਂ ਨੇ ਬਰਤਾਨਵੀ ਸਰਕਾਰ ਖਾਤਰ ਜੰਗਾਂ ਲੜੀਆਂ ਸਨ। ਕੈਨੇਡਾ ਪਹੁੰਚਣ ਤੇ, ਜਿਹੜਾ ਕਿ ਉਸ ਸਮੇਂ ਬਰਤਾਨਵੀ ਬਸਤੀ ਸੀ, ਉਨ੍ਹਾਂ ਨਾਲ ਗ਼ੈਰ ਮਨੁੱਖੀ ਸਲੂਕ ਕੀਤਾ ਗਿਆ ਅਤੇ ਉਸੇ ਜਹਾਜ਼ ਵਿਚ ਬੰਦ ਕਰ ਦਿਤੇ ਗਏ। ਆਖਰ ਉਨ੍ਹਾਂ ਨੂੰ ਬੇਇਜ਼ਤ ਕਰਕੇ ਵਾਪਸ ਭੇਜਿਆ ਗਿਆ।

ਕਮਾਗਾਟਾ ਮਾਰੂ ਦੀ ਘਟਨਾ ਨੇ ਕੈਨੇਡਾ ਤੇ ਅਮਰੀਕਾ ਵਿਚ ਰਹਿੰਦੇ ਭਾਰਤੀਆਂ ਵਿਚ ਤਿੱਖੀ ਜਾਗਰਤੀ ਪੈਦਾ ਕੀਤੀ। ਵੈਨਕੂਵਰ ਵਿਚ ਮੁਸਾਫਰਾਂ ਦੀ ਮੱਦਦ ਲਈ ਕਾਮਾਗਾਟਾ ਮਾਰੂ ਕਮੇਟੀ ਬਣਾਈ ਗਈ। ਭਾਗ ਸਿੰਘ ਉਸਦਾ ਪ੍ਰਧਾਨ ਸੀ ਅਤੇ ਸੋਹਣ ਲਾਲ ਖਜ਼ਾਨਚੀ। ਦੂਜੇ ਉਘੇ ਮੈਂਬਰਾਂ ਵਿਚ ਹਸਨ ਰਹੀਮ, ਭਾਈ ਬਲਵੰਤ ਸਿੰਘ ਅਤੇ ਮੇਵਾ ਸਿੰਘ (ਸ਼ਹੀਦ) ਸਨ। ਅਮਰੀਕਾ ਵਿਚ ਗ਼ਦਰ ਪਾਰਟੀ ਦੇ ਮੈਂਬਰਾਂ ਵਿਚ ਇਸ ਘਟਨਾ ਕਾਰਨ ਗੁਸੇ ਦੀ ਲਹਿਰ ਦੌੜ ਗਈ ਅਤੇ ਉਨ੍ਹਾਂ ਕਾਮਾਗਾਟਾ ਮਾਰੂ ਦੇ ਮੁੜ ਰਹੇ ਮੁਸਾਫ਼ਰਾਂ ਨੂੰ ਭਾਰਤ ਦੀ ਆਜ਼ਾਦੀ ਦੀ ਲਹਿਰ ਵਿਚ ਕੁੱਦ ਪੈਣ ਲਈ ਪ੍ਰੇਰਨਾ ਦਿੱਤੀ।

ਕਾਮਾਗਾਟਾ ਮਾਰੂ ਦੇ ਘੋਲ ਵਿਚ ਸਾਰੇ ਧਰਮਾਂ ਦੇ ਲੋਕਾਂ ਦੀ ਏਕਤਾ ਉਜਾਗਰ ਹੋਈ। ਇਸ ਘਟਨਾ ਨੇ ਭਾਰਤੀ ਕਮਿਊਨਿਟੀ ਅਤੇ ਕੈਨੇਡੀਅਨ ਪ੍ਰਵਾਸੀ ਵਿਭਾਗ ਵਿਚਕਾਰ ਪਹਿਲਾਂ ਹੀ ਚਲ ਰਹੀ ਕਸ਼ਮਕਸ਼ ਨੂੰ ਸਿਖਰ ਤੇ ਲੈ ਆਂਦਾ। ਅੰਤ ਵਿਚ ਮੇਵਾ ਸਿੰਘ ਨੂੰ ਇੰਗੀਗਰੇਸ਼ਨ ਅਧਿਕਾਰੀ ਹਾਪਕਿਨਸਨ ਨੂੰ ਗੋਲੀ ਮਾਰਨੀ ਪਈ ਜੋ ਲਗਾਤਾਰ ਕਮਿਊਨਿਟੀ ਦੇ ਲੋਕਾਂ ਨੂੰ ਤੰਗ ਅਤੇ ਬੇਇਜ਼ਤ ਕਰਦਾ ਸੀ ਅਤੇ ਉਨ੍ਹਾਂ ਵਿਰੁੱਧ ਮੁਖਬਰੀ ਕਰਦਾ ਸੀ। ਇਹ ਘੋਲ ਦਸਦੇ ਹਨ ਕਿ ਸਾਡੇ ਲੋਕ ਬੇਇਨਸਾਫੀ ਵਿਰੁੱਧ ਲੜਨ ਲਈ ਦ੍ਰਿੜ ਅਤੇ ਇਕੱਠੇ ਸਨ। ਉਹ ਕੈਨੇਡਾ ਦੇ ਸਮਾਜ ਵਿਚ ਦੂਜੇ ਦਰਜੇ ਦੇ ਸ਼ਹਿਰੀ ਬਣਕੇ ਰਹਿਣ ਲਈ ਤਿਆਰ ਨਹੀਂ ਸਨ।

## ਸਾਡੇ ਅਜੋਕੇ ਘੋਲ ਅਤੇ ਜਿੱਤਾਂ

ਅੱਜ ਕੈਨੇਡਾ ਵਿਚ ਘੱਟ ਗਿਣਤੀ ਕਮਿਊਨਿਟੀਆਂ ਵਿਚੋਂ ਭਾਰਤੀ ਕਮਿਊਨਿਟੀ ਸਭ ਤੋਂ ਜ਼ਿਆਦਾ ਵੰਨ ਸੁਵੰਨੀ ਹੈ। ਅਸੀਂ ਕੇਵਲ ਵੱਖ ਵੱਖ ਬੋਲੀਆਂ ਹੀ ਨਹੀਂ ਬੋਲਦੇ ਸਗੋਂ ਉਸੇ ਬੋਲੀ ਨੂੰ ਵੱਖ ਵੱਖ ਰੂਪਾਂ ਵਿਚ ਵੀ ਬੋਲਦੇ ਹਾਂ ਸਾਡੇ ਵੱਖਰੇ ਵੱਖਰੇ ਧਰਮ ਅਤੇ ਵੱਖਰੇ ਵੱਖਰੇ ਸਭਿਆਚਾਰ ਹਨ। ਅਸੀਂ ਭਾਰਤੀ ਅਤੇ ਪਾਕਿਸਤਾਨੀ ਮੂਲ ਦੇ ਲੋਕ ਸੰਸਾਰ ਦੇ ਵੱਖ ਵੱਖ ਹਿੱਸਿਆਂ, ਜਿਵੇਂ ਅਫਰੀਕਾ, ਯੂਰਪ, ਧੁਰ ਪੂਰਬ ਅਤੇ ਫੀਜੀ ਆਦਿ ਥਾਵਾਂ ਤੋਂ ਏਥੇ ਆਏ ਹਾਂ।

ਧਰਮ ਅਤੇ ਬੋਲੀ ਦੇ ਵੱਖਰੇਵਿਆਂ ਦੇ ਬਾਵਜੂਦ ਵੀ ਅਸੀਂ ਇਕ ਕਮਿਊਨਿਟੀ ਦੇ ਤੌਰ ਤੇ ਵਿਚਰਦੇ ਹਾਂ। ਇਹ ਇਸ ਕਰਕੇ ਨਹੀਂ ਕਿ ਸਾਡੀ ਚਮੜੀ ਦਾ ਰੰਗ ਇਕ ਹੈ, ਸਗੋਂ ਇਸ ਕਰਕੇ ਹਾਂ ਕਿ ਵੱਖ ਵੱਖ ਧਰਮਾਂ ਅਤੇ ਵੱਖ ਵੱਖ ਫਿਰਕਿਆਂ ਦੀ ਸਹਿ ਹੋਂਦ ਵਿਚ ਵਿਸ਼ਵਾਸ਼ ਕਰਦੇ ਹਾਂ।

ਵੰਨ ਸੁਵੰਨਤਾ ਦੇ ਹੁੰਦਿਆਂ ਵੀ ਅਸੀਂ ਲੰਮੇ ਸਮੇਂ ਤੋਂ ਕਾਮਯਾਬੀ ਨਾਲ ਏਕਾ ਕਾਇਮ ਰੱਖਿਆ ਹੈ। ਸਾਨੂੰ ਇੰਡੋ ਕੈਨੇਡੀਅਨ, ਸਾਊਥ ਏਸ਼ੀਅਨ ਕੈਨੇਡੀਅਨ, ਹਿੰਦੂ, ਸਿੱਖ ਜਾਂ ਈਸਟ ਇੰਡੀਅਨ ਨਾਵਾਂ ਨਾਲ ਸੱਦਿਆ ਜਾਂਦਾ ਰਿਹਾ ਹੈ, ਪਰ ਫਿਰ ਅਸੀਂ ਹਮੇਸ਼ਾਂ ਇਕ ਦੂਜੇ ਦੀ ਮੱਦਦ ਕੀਤੀ ਹੈ ਅਦੇ ਦੁੱਖ ਸੁੱਖ ਵੰਡਾਇਆ ਹੈ। ਕੈਨੇਡਾ ਵਿਚ ਸਾਡੇ ਇਤਿਹਾਸ ਵਿਚ ਪਿਛਲੇ ਦਸ ਪੰਦਰਾਂ ਸਾਲ ਦਾ ਅਰਸਾ ਇਕ ਵਧੀਆ ਕਾਂਡ ਕਿਹਾ ਜਾ ਸਕਦਾ ਹੈ। ਕਿਉਂਕਿ ਸਾਡੇ ਵਿਚੋਂ ਬਹੁਤੇ 1970 ਅਤੇ ਉਸਤੋਂ ਪਿਛੋਂ ਹੀ ਏਥੇ ਆਏ ਹਨ। ਸਾਡੀ ਕਮਿਊਨਿਟੀ ਨੇ ਸਾਂਝੀਆਂ ਕੋਸ਼ਿਸ਼ਾਂ ਨਾਲ ਹੀ ਸਾਹਮਣੇ ਆਈਆਂ ਮੁਸ਼ਕਲਾਂ ਉਪਰ ਕਾਬੂ ਪਾਇਆ ਹੈ

(ਬਾਕੀ ਪੰਨਾ 16 ਤੇ)

# ਪ੍ਰਸਿੱਧ ਪੰਜਾਬੀ ਲੇਖਕ ਗੁਰਚਰਨ ਰਾਮਪੁਰੀ ਉਤੇ ਕਾਤਲਾਨਾ ਹਮਲੇ ਦੀ ਸਖਤ ਨਿਖੇਧੀ

## ਦੋਸ਼ੀਆਂ ਦੀ ਭਾਲ ਲਈ ਪੁਲਸ ਸਰਗਰਮ

ਵੈਨਕੂਵਰ — 19 ਅਕਤੂਬਰ 1984 ਨੂੰ ਡਾਊਨਟਾਊਨ ਵੈਨਕੂਵਰ ਵਿਚ Sears ਦੀ ਬਿਲਡਿੰਗ ਵਿਚ ਸਥਿਤ ਬੀ. ਸੀ. ਹਾਈਡਰੋ ਦੇ ਦਫਤਰ ਸਾਹਮਣੇ ਪ੍ਰਸਿੱਧ ਪੰਜਾਬੀ ਲੇਖਕ ਗੁਰਚਰਨ ਰਾਮਪੁਰੀ ਉਤੇ ਤਿੰਨ ਵਿਅਕਤੀਆਂ ਵਲੋਂ ਕਾਤਲਾਨਾ ਹਮਲਾ ਕੀਤਾ ਗਿਆ। ਉਸ ਸਮੇਂ ਸ੍ਰੀ ਰਾਮਪੁਰੀ ਆਪਣੇ ਦਫਤਰ ਵਿਚ ਕੰਮ ਲਈ ਪੁਜੇ ਹੀ ਸਨ ਜਿਥੇ ਉਹ ਡਰਾਫਟਸਮੈਨ ਵਜੋਂ ਕੰਮ ਕਰਦੇ ਹਨ।

ਤਿੰਨ ਵਿਅਕਤੀਆਂ ਨੇ ਉਸ ਸਮੇਂ ਹਮਲਾ ਕੀਤਾ ਜਿਸ ਸਮੇਂ ਉਹ ਆਪਣੇ ਦਫਤਰ ਵਿਚ ਵੜਨ ਲੱਗੇ ਸਨ। ਉਨ੍ਹਾਂ ਨੂੰ ਧੱਕੇ ਮਾਰ ਕੇ ਥੱਲੇ ਸੁਟਿਆ ਗਿਆ ਅਤੇ ਛਾਤੀ ਅਤੇ ਸਿਰ ਵਿਚ ਠੁਡੇ ਮਾਰੇ ਗਏ। ਉਸ ਬਿਲਡਿੰਗ ਵਿਚ ਤਾਈਨਾਤ ਦੋ ਸਕਿਉਰਿਟੀ ਗਾਰਡਾਂ ਦੇ ਲਲਕਾਰਨ ਤੇ ਦੋਸ਼ੀ ਭੱਜ ਉਠੇ ਅਤੇ ਦੋਵਾਂ ਗਾਰਡਾਂ ਨੇ ਦੋਸ਼ੀਆਂ ਦਾ ਪਿਛਾ ਕੀਤਾ ਪਰ ਉਹ ਲੇਨ ਵਿਚ ਖੜ੍ਹੀ ਕੀਤੀ ਕਾਰ ਉਤੇ ਫਰਾਰ ਹੋ ਗਏ।

## ਕਾਰ ਦਾ ਨੰਬਰ ਲਿਆ ਗਿਆ

ਸਕਿਉਰਿਟੀ ਗਾਰਡਾਂ ਨੇ ਕਾਰ ਦਾ ਨੰਬਰ ਨੋਟ ਕਰ ਲਿਆ ਪਰ ਪੁਲਸ ਦੀ ਸੂਚਨਾ ਅਨੁਸਾਰ ਕਾਰ ਤੇ ਲਾਈ ਗਈ ਪਲੇਟ ਵੀ ਚੋਰੀ ਦੀ ਪਲੇਟ ਨਿਕਲੀ ਹੈ ਪਰ ਕਾਰ ਦਾ ਰੰਗ ਤੇ ਹੋਰ ਜਾਣਕਾਰੀ ਉਤੇ ਆਧਾਰਿਤ ਸਬੂਤਾਂ ਨੂੰ ਵਰਤ ਕੇ ਪੁਲਸ ਕਾਰ ਦਾ ਪਤਾ ਕਰਨ ਵਿਚ ਕਾਮਯਾਬ ਹੋ ਸਕਦੀ ਹੈ।

## ਹਮਲਾਆਵਰ ਕੌਣ ਸਨ?

ਸਕਿਉਰਿਟੀ ਗਾਰਡਾਂ ਵਲੋਂ ਪੁਲਸ ਨੂੰ ਉਨ੍ਹਾਂ ਹਮਲਾਆਵਰਾਂ ਦੇ ਪਾਏ ਕਪੜਿਆਂ ਤੇ ਉਹ ਕਿਸ ਫਿਰਕੇ ਨਾਲ ਸਬੰਧਤ ਹਨ ਬਾਰੇ ਜਾਣਕਾਰੀ ਦੇ ਦਿਤੀ ਗਈ ਹੈ ਅਤੇ ਪੁਲਸ ਦੋਸ਼ੀਆਂ ਨੂੰ ਫੜਨ ਲਈ ਸਰਗਰਮ ਹੈ।

## ਕੈਨੇਡੀਅਨ ਮੀਡੀਏ ਦਾ ਪ੍ਰਤੀਕਰਮ

ਬੀ. ਸੀ. ਦੇ ਪ੍ਰਸਿੱਧ ਅਖਬਾਰ 'ਸਨ' ਨੇ ਆਪਣੇ 20 ਅਕਤੂਬਰ 1984 ਦੀ ਖਬਰ ਵਿਚ ਲਿਖਿਆ ਹੈ ਕਿ 'ਲੋਅਰ ਮੇਨ ਲੈਂਡ ਦੀ ਵੱਡੀ ਸਿੱਖ ਕਮਿਊਨਿਟੀ ਨੂੰ ਸ਼ੁਕਰਵਾਰ ਨੂੰ ਇਕ ਪ੍ਰਸਿੱਧ ਲੇਖਕ ਅਤੇ ਕਵੀ ਦੇ ਪੰਜਾਬ ਵਿਚ ਹਿੰਸਾ ਬਾਰੇ ਲਿਖੇ ਲੇਖ ਕਾਰਨ ਉਤੇ ਕੀਤੇ ਗਏ ਹਮਲੇ ਕਾਰਨ ਇਕ ਝਟਕਾ ਵੱਜਾ ਹੈ।'

ਕੈਨੇਡਾ ਦੇ ਪ੍ਰਸਿੱਧ ਅਖਬਾਰ 'ਗਲੋਬ ਐਂਡ ਮੇਲ' ਨੇ ਵੀ ਇਸੇ ਤਰ੍ਹਾਂ ਦੇ ਹਮਲੇ ਦਾ ਗੰਭੀਰ ਨੋਟਿਸ ਲਿਆ ਹੈ।

ਸੀ. ਬੀ. ਸੀ. ਦੇ ਟੈਰੀ ਡੋਲਨ ਨੇ ਗੁਰਚਰਨ ਰਾਮਪੁਰੀ ਦੇ ਘਰ ਜਾ ਕੇ ਇਸ ਨਿੰਦਣਯੋਗ ਹਮਲੇ ਬਾਰੇ ਸ੍ਰੀ ਰਾਮਪੁਰੀ ਦੀ ਇੰਟਰਵੀਊ ਰੀਕਾਰਡ ਕੀਤੀ ਜੋ 21 ਅਕਤੂਬਰ ਨੂੰ ਖਬਰਾਂ ਵਿਚ ਦਿਖਾਈ ਗਈ।

ਸੀ. ਕੇ. ਵੀ. ਯੂ. ਦੇ ਜਰਨਲਿਸਟ ਸ੍ਰੀ ਲਾਰੀਏ ਨੇ ਸ੍ਰੀ ਰਾਮਪੁਰੀ ਦੀ 10 ਮਿੰਟ ਦੀ ਇੰਟਰਵੀਊ ਕੀਤੀ ਅਤੇ ਕਿਹਾ ਕਿ ਕੈਨੇਡਾ ਵਿਚ ਲਿਖਣ ਅਤੇ ਬੋਲਣ ਦੀ ਆਜ਼ਾਦੀ ਉਤੇ ਹਮਲੇ ਕਰਨ ਵਾਲੇ ਲੋਕਾਂ ਦੀ ਇਸ ਸਮਾਜ ਵਿਚ ਕੋਈ ਥਾਂ ਨਹੀਂ। ਉਸਨੇ ਆਪਣੇ ਇੰਟਰਵੀਊ ਦੇ ਅੰਤ ਉਤੇ ਅਜਿਹੇ ਅਨਸਰ ਨੂੰ ਚਿਤਾਵਨੀ ਦਿਤੀ ਕਿ ਕੈਨੇਡਾ ਦੇ ਲੋਕ ਅਜਿਹੇ ਹਮਲਿਆਂ ਨੂੰ ਬਰਦਾਸ਼ਤ ਨਹੀਂ ਕਰਨਗੇ।

29 ਅਕਤੂਬਰ ਦੇ 'ਸਨ' ਵਿਚ ਕੈਨੇਡੀਅਨ ਲੇਖਕ ਆਰ. ਏ. ਕਵਾਲੀਲਕ ਨੇ ਇਕ ਖਤ ਲਿਖਿਆ ਹੈ ਕਿ "ਹੁਣੇ ਹੀ ਹੋਏ ਲੇਖਕ ਗੁਰਚਰਨ ਸਿੰਘ ਰਾਮਪੁਰੀ ਉਤੇ ਹਮਲੇ ਨੇ ਸਾਨੂੰ ਯਾਦ ਕਰਾ ਦਿਤਾ ਹੈ ਕਿ ਇਹ ਇਥੇ ਵੀ ਹੋ ਸਕਦਾ ਹੈ: ਅਤਿਵਾਦੀ ਸਾਡੇ ਸ਼ਹਿਰ ਵਿਚ ਵੀ ਇਹ ਕੁਝ ਕਰ ਸਕਦੇ ਹਨ, ਸਾਡੇ ਆਪਣੇ ਘਰਾਂ ਵਿਚ ਉਹ ਹਮਲੇ ਕਰਦੇ ਹਨ ਅਤੇ ਜੋ ਸ਼ਾਂਤੀ ਅਤੇ ਤਰਕ ਦੀ ਖਾਤਰ ਬੋਲਦੇ ਹਨ, ਉਨ੍ਹਾਂ ਨੂੰ ਕੁੱਟ ਵੀ ਸਕਦੇ ਹਨ।"

ਮਿ: ਕਵਾਲੀਲਕ ਅਗੇ ਲਿਖਦੇ ਹਨ "ਲਿਖਣ ਦੀ ਆਜ਼ਾਦੀ ਆਜ਼ਾਦ ਸਮਾਜ ਅਤੇ ਸਿਰਜਨਾਤਮਕ ਕਲਚਰ ਲਈ ਜ਼ਰੂਰੀ ਹੈ। ਰਾਮਪੁਰੀ ਵਰਗੇ ਲੇਖਕ ਇਸ ਗੱਲ ਨੂੰ ਸਮਝਦੇ ਹਨ ਤੇ ਸਾਡੇ ਦੁਸ਼ਮਣਾਂ ਨੂੰ ਵੀ ਇਹ ਸਮਝਣਾ ਚਾਹੀਦਾ ਹੈ।

ਇਕ ਵੀ ਵਿਅਕਤੀ ਨੂੰ ਧਮਕਾ ਕੇ ਚੁਪ ਕਰਾਉਣਾ ਸਿਰਜਨਾਤਮਕ ਵਿਚਾਰਾਂ ਦਾ ਗਲਾ ਘੁਟਣਾ ਹੈ। ਅਜਿਹੇ ਵਿਚਾਰਾਂ ਤੋਂ ਬਿਨਾਂ ਡੈਮੋਕਰੇਸੀ ਖਤਮ ਹੋ ਜਾਵੇਗੀ ਅਤੇ ਲੋਕ ਘੱਟ ਗਿਣਤੀ ਦੀ ਡਿਕਟੇਟਰਸ਼ਿਪ ਦਾ ਸ਼ਿਕਾਰ ਹੋ ਜਾਣਗੇ

## ਸੁਖਵੰਤ ਹੁੰਦਲ ਨੂੰ ਵੀ ਧਮਕੀਆਂ

ਲੋਕ ਸਦਭਾਵਨਾ ਮੰਚ ਦੇ ਬੁਲਾਰੇ ਸੁਖਵੰਤ ਹੁੰਦਲ ਨੂੰ 19 ਅਕਤੂਬਰ ਨੂੰ ਫੋਨ ਉਤੇ ਧਮਕੀਆਂ ਦਿਤੀਆਂ ਗਈਆਂ। ਲੋਕ ਸਦਭਾਵਨਾ ਮੰਚ ਕਮਿਊਨਿਟੀ ਵਿਚ ਏਕਤਾ ਦਾ ਮੁਦੱਈ ਹੈ। ਜਾਣਕਾਰ ਸੂਤਰਾਂ ਅਨੁਸਾਰ ਜੋ ਅਨਸਰ ਕਮਿਊਨਿਟੀ ਵਿਚ ਏਕਤਾ ਨਹੀਂ ਚਾਹੁੰਦਾ ਉਹ ਏਕਤਾ ਦੇ ਮੁਦੱਈਆਂ ਨੂੰ ਡਰਾ ਧਮਕਾ ਕੇ ਚੁੱਪ ਕਰਾਉਣਾ ਚਾਹੁੰਦਾ ਹੈ। 'ਸਨ' ਅਖਬਾਰ ਅਨੁਸਾਰ ਸੁਖਵੰਤ ਹੁੰਦਲ ਨੂੰ ਧਮਕੀਆਂ ਉਸ ਸਮੇਂ ਦਿਤੀਆਂ ਗਈਆਂ ਜਿਸ ਸਮੇਂ ਡਾਊਨਟਾਊਨ ਵਿਚ ਰਾਮਪੁਰੀ ਤੇ ਹਮਲਾ ਹੋਇਆ।

## ਗੁਰਚਰਨ ਰਾਮਪੁਰੀ ਦਾ ਬਿਆਨ

ਗੁਰਚਰਨ ਰਾਮਪੁਰੀ ਅਨੁਸਾਰ ਇਹ ਹਮਲਾ ਉਨ੍ਹਾਂ ਦੇ ਲਿਖੇ ਲੇਖ 'ਪੰਜਾਬ ਦਾ ਅਜੋਕਾ ਦੁਖਾਂਤ' ਕਾਰਨ ਕੀਤਾ ਗਿਆ ਕਿਉਂਕਿ ਹੋਰ ਅਜਿਹਾ ਕੋਈ ਕਾਰਨ ਨਹੀਂ। ਇਹ ਲੇਖ 'ਕੈਨੇਡਾ ਦਰਪਣ' ਅਤੇ ਲੰਡਨ ਤੋਂ ਛਪਦੇ 'ਦੇਸ ਪ੍ਰਦੇਸ' ਵਿਚ ਵੀ ਛਪਿਆ ਹੈ। ਉਨ੍ਹਾਂ ਕਿਹਾ ਕਿ ਉਸ ਲੇਖ ਵਿਚ ਪਿਛਲੇ 60 ਸਾਲਾ ਇਤਿਹਾਸ ਦਾ ਲੇਖਾਜੋਖਾ ਹੀ ਕੀਤਾ ਗਿਆ ਹੈ।

ਸ੍ਰੀ ਰਾਮਪੁਰੀ ਨੇ ਕਿਹਾ ਕਿ ਜੇ ਅਜਿਹੇ ਅਨਸਰ ਨੂੰ ਕਾਨੂੰਨੀ ਢੰਗ ਨਾਲ ਨਾ ਰੋਕਿਆ ਗਿਆ ਤਾਂ ਹੋਰ ਵੀ ਲੇਖਕਾਂ ਉਤੇ ਅਜਿਹੇ ਜਿਸਮਾਨੀ ਹਮਲੇ ਹੋਣਗੇ। ਉਨ੍ਹਾਂ ਕਿਹਾ ਕਿ ਇਹ ਮਸਲਾ ਧਾਰਮਿਕ ਨਹੀਂ ਹੈ, ਇਹ ਮਸਲਾ ਤਾਂ ਤੁਹਾਡੇ ਲਿਖਣ ਅਤੇ ਬੋਲਣ ਦੀ ਆਜ਼ਾਦੀ ਦਾ ਮਸਲਾ ਹੈ।

ਸ੍ਰੀ ਰਾਮਪੁਰੀ ਨੇ ਕਿਹਾ ਕਿ ਕੁਝ ਲੋਕ ਚਾਹੁੰਦੇ ਹਨ ਕਿ ਕੇਵਲ ਜੋ ਬੋਲੀ ਉਹ ਬੋਲਦੇ ਹਨ, ਉਹ ਬੋਲੀ ਹੀ ਸਾਰੇ ਲੋਕ ਬੋਲਣ। ਉਨ੍ਹਾਂ ਕਿਹਾ ਕਿ ਵਿਚਾਰਾਂ ਉਤੇ ਪਾਬੰਦੀ ਨਹੀਂ ਲਾਈ ਜਾ ਸਕਦੀ।

## 'ਇਹ ਗੁੰਡਾਗਰਦੀ ਹੈ' — ਉਜੱਲ ਦੁਸਾਂਝ

ਵੈਨਕੂਵਰ ਦੇ ਪ੍ਰਸਿੱਧ ਵਕੀਲ ਸ੍ਰੀ ਉਜੱਲ ਦੁਸਾਂਝ ਨੇ ਕਿਹਾ ਕਿ ਰਾਮਪੁਰੀ ਤੇ ਹਮਲਾ ਗੁੰਡਿਆਂ ਵਾਲੀ ਕਾਰਵਾਈ ਹੈ ਅਤੇ ਸਾਡੀ ਕਮਿਊਨਿਟੀ ਨੂੰ ਅਜਿਹੀ ਗੁੰਡਾਗਰਦੀ ਬਰਦਾਸ਼ਤ ਨਹੀਂ ਕਰਨੀ ਚਾਹੀਦੀ।

ਉਨ੍ਹਾਂ ਕਿਹਾ ਕਿ 'ਸਿੱਖ ਆਜ਼ਾਦੀ' ਬਾਰੇ ਕੈਨੇਡਾ ਵਿਚ ਬਹਿਸ 'ਬਾਹਰਲਾ ਮਸਲਾ' ਹੈ ਅਤੇ 'ਜੇ ਇਹ ਸਾਡੀ ਕਮਿਊਨਿਟੀ ਦੇ ਤਾਣੇ ਬਾਣੇ ਨੂੰ ਹੀ ਨਸ਼ਟ ਕਰਨਾ ਹੈ ਤਾਂ ਲੋਕਾਂ ਨੂੰ ਇਸ ਵਿਰੁੱਧ ਬੋਲਣਾ ਹੀ ਪਵੇਗਾ।'

## ਇਪਾਨਾ ਵਲੋਂ ਹਮਲੇ ਦੀ ਨਿੰਦਾ

ਇੰਡੀਅਨ ਪੀਪਲਜ਼ ਐਸੋਸੀਏਸ਼ਨ ਇਨ ਨਾਰਥ ਅਮਰੀਕਾ ਦੇ ਪ੍ਰਧਾਨ ਹਰਿੰਦਰ ਮਾਹਿਲ ਨੇ ਸ੍ਰੀ ਰਾਮਪੁਰੀ ਤੇ ਹਮਲੇ ਨੂੰ 'ਲਿਖਣ ਬੋਲਣ ਦੀ ਆਜ਼ਾਦੀ' ਤੇ ਹਮਲਾ ਕਰਾਰ ਦਿਤਾ ਅਤੇ ਕਿਹਾ ਕਿ ਸਾਡੀ ਜਥੇਬੰਦੀ 'ਜਨੂੰਨੀ' ਅਤੇ 'ਗੈਰ-ਜਮਹੂਰੀ' ਕਾਰਵਾਈਆਂ ਦੀ ਸਖਤ ਨਿੰਦਾ ਕਰਦੀ ਹੈ।

## ਨਸਲਵਾਦ ਵਿਰੁਧ ਸੰਘਰਸ਼ ਸੰਮਤੀ ਦੇ ਪ੍ਰਧਾਨ ਵਲੋਂ ਨਿਖੇਧੀ

ਨਸਲਵਾਦ ਵਿਰੁਧ ਸੰਘਰਸ਼ ਸੰਮਤੀ ਦੇ ਪ੍ਰਧਾਨ ਚਰਨਪਾਲ ਗਿੱਲ ਨੇ ਕਿਹਾ ਕਿ ਹਮਲਾਆਵਰ 'ਗ਼ੈਰ-ਜ਼ਿੰਮੇਂਵਾਰ, ਬੇਸ਼ਰਮੀ ਭਰਪੂਰ ਅਤੇ ਬੁਜ਼ਦਿਲ' ਹਨ ਜਿਨ੍ਹਾਂ ਨੇ ਅਜਿਹਾ ਹਮਲਾ ਸ੍ਰੀ ਰਾਮਪੁਰੀ ਤੇ ਕੀਤਾ ਹੈ।


## 'ਕੈਨੇਡਾ ਦਰਪਣ' ਦਾ ਇਕ ਪਾਠਕ ਹੋਰ ਬਣਾਓ

# BOMBAY SWEETS
## MANUFACTURER INC.

**LOCATED AT 6556-6560 MAIN ST.**

BETWEEN 49TH & 50TH. AVE. ON MAIN STREET, VANCOUVER

**ਗੁਰੂ ਨਾਨਕ ਦੇਵ ਜੀ ਦੇ ਸ਼ੁਭ ਜਨਮ ਦਿਹਾੜੇ ਤੇ ਸਮੂੰਹ ਸਿਖ ਸੰਗਤਾਂ ਨੂੰ ਬੰਬੇ ਸਵੀਟਸ ਅਤੇ ਨਰੇਸ਼ ਸ਼ੁਕਲਾ ਬ੍ਰਦਰਜ਼ ਵਲੋਂ ਲੱਖ ਲੱਖ ਵਧਾਈ ਹੋਵੇ!**



ਹਰ ਸਾਲ਼ ਦੀ ਤਰ੍ਹਾਂ ਇਸ ਸਾਲ ਫਿਰ

**ਬੰਬੇ ਸਵੀਟ ਤੇ ਮਠਿਆਈ ਬਾਜ਼ਾਰ ਸਜਣਗੇ**

**ਬੀ. ਸੀ. ਵਿਚ ਸਭ ਤੋਂ ਵੱਡੀ ਤੇ ਸਾਫ ਸੁਥਰੀ ਭਾਰਤੀ ਮਠਿਆਈਆਂ ਦੀ ਦੂਕਾਨ:**

**ਬੰਬੇ ਸਵੀਟਸ ਮੈਨੂਫੈਕਚਰਰ** ਇਨਕ

**ਬੰਬੇ ਸਵੀਟ, ਨਰੇਸ਼ ਸ਼ੁਕਲਾ ਐਂਡ ਬ੍ਰਦਰਜ਼**

ਹਰ ਐਤਵਾਰ ਰੇਡੀਓ ਪ੍ਰੋਗਰਾਮ CJJC 800 AM ਤੇ ਸੁਣੋ!
ਸਮਾਂ: 11:30-12:00, 12:15-1:00, 2:05-3:30, 8:05-9:00 p.m.

ਲੱਡੂ
$1.75 ਪੌਂਡ

ਜਲੇਬੀਆਂ
$1.49 ਪੌਂਡ

**Tel. 321-1414 & 874-5722**

# ਮਿਊਂਸਪਲ ਚੋਣਾਂ ਸੰਬੰਧੀ ਪ੍ਰੈਸ ਦੇ ਨਾਮ ਸਟੇਟਮਿੰਟ

# ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਆਫ ਕੈਨੇਡਾ

ਮਿਊਂਸਪਲ ਕਮੇਟੀਆਂ ਪਾਸ ਬਹੁਤ ਹੀ ਸੀਮਤ ਅਧਿਕਾਰ ਹਨ ਅਤੇ ਉਹ ਸੂਬਾਈ ਸਰਕਾਰ ਦੇ ਰਹਿਮ ਤੇ ਹੀ ਰਹਿੰਦੀਆਂ ਹਨ ਜਿਵੇਂ ਸਿਵਿਕ ਚਾਰਟਰ ਵਿੱਚ ਬਦਲੀ ਵਿਦਿਅਕ ਸੰਬੰਧੀ ਵਾਧ ਘਾਟ, ਟੈਕਸ ਕਿਵੇਂ ਤੇ ਕਿੰਨਾ ਲਾਉਣਾ ਤੇ ਕਿੱਥੇ ਖਰਚ ਆਦਿ, ਸਭ ਸੂਬਾਈ ਸਰਕਾਰ ਦੇ ਹੱਥ ਹੈ ਭਾਵੇਂ ਦੇਖਣ ਨੂੰ ਮਿਊਂਸਪਲ ਕਮੇਟੀ ਦਾ ਅਧਿਕਾਰ ਜਾਪਦਾ ਹੈ। ਇੱਥੋਂ ਤੱਕ ਕਿ ਜ਼ੋਨਿੰਗ ਤੇ ਡੀਵੈਲਪਮਿੰਟ ਦੇ ਮਸਲੇ ਉਤੇ ਭੀ ਸੂਬਾਈ ਸਰਕਾਰ ਮਨ ਮਰਜ਼ੀ ਕਰ ਸਕਦੀ ਹੈ। ਵਪਾਰੀਆਂ ਅਤੇ ਵਪਾਰਕ ਇਮਾਰਤਾਂ ਆਦਿ ਉਪਰ ਲੋਕਲ ਟੈਕਸ ਸੰਬੰਧੀ ਭੀ ਸੂਬਾਈ ਸਰਕਾਰ ਮਰਜ਼ੀ ਕਰਦੀ ਹੈ ਜਿਵੇਂ ਹੁਣ ਵੈਨਕੂਵਰ ਵਿੱਚ ਕੀਤਾ।

ਬੀ. ਸੀ. ਪਲੇਸ ਅਤੇ ਐਕਸਪੋ 86 ਦੇ ਮਸਲੇ ਤੇ ਭੀ ਬੀ. ਸੀ. ਦੀ ਸਰਕਾਰ ਨੇ ਜਬਰਦਸਤੀ ਕੀਤੀ ਅਤੇ ਹੋ ਸਕਦਾ ਹੈ ਖਰਚ ਇੰਨਾ ਹੋ ਜਾਏ ਕਿ ਵੈਨਕੂਵਰ ਦੇ ਲੋਕਾਂ ਉਤੇ ਲੱਖਾਂ ਡਾਲਰਾਂ ਦਾ ਕਰਜ਼ਾ ਹੋ ਜਾਵੇ ਤੇ ਬੀ. ਸੀ. ਸਰਕਾਰ ਇਸ ਮਸਲੇ ਤੇ ਭੀ ਮਿਊਂਸਪਲ ਕਮੇਟੀ ਨੂੰ ਕੋਈ ਤਸੱਲੀ ਨਹੀਂ ਦੁਆ ਰਹੀ, ਇਸ ਐਕਸਪੋ 86 ਉਪਰ ਫਜ਼ੂਲ ਖਰਚੀ ਕਾਰਨ ਬੀ. ਸੀ. ਦੇ ਲੋਕਾਂ ਉਪਰ ਪਚਵੰਜਾ ਕਰੋੜ ਅੱਸੀ ਲੱਖ (558 ਮਿਲੀਅਨ) ਡਾਲਰ ਦਾ ਕਰਜ਼ਾ ਹੋ ਜਾਣਾ ਹੈ ਅਤੇ ਅੱਜ ਤੱਕ ਜਿੰਨੀਆਂ ਭੀ ਅਮਰੀਕਾ ਤੇ ਕਨੇਡਾ ਵਿੱਚ ਐਕਸਪੋ ਹੋਈਆਂ ਹਨ ਸਭ ਨੇ ਸੂਬੇ ਅਤੇ ਸ਼ਹਿਰ ਨੂੰ ਕਰਜ਼ਾਈ ਕੀਤਾ ਹੈ।

ਸ਼ਹਿਰ ਦੇ ਪੁਰਾਣੇ ਘਰ ਜੋ ਲੋਕਾਂ ਦੀ ਸਮਰਥਾ ਦੇ ਅੰਦਰ ਹਨ ਉਨ੍ਹਾਂ ਦੀ ਢਹਿ ਢੁਆਈ ਨੂੰ ਰੋਕਣਾ ਭੀ ਸ਼ਹਿਰ ਦੀ ਮਿਊਂਸਪਲ ਕਮੇਟੀ ਦੇ ਅਧਿਕਾਰ ਵਿੱਚ ਨਹੀਂ। ਕੋਪ (ਡਬੁਗ) ਇਨ੍ਹਾਂ ਮਸਲਿਆਂ ਤੇ ਭੀ ਲੋਕਾਂ ਨਾਲ ਤੇ ਬਾਹਰ ਤੋਂ ਅੰਗਰੇਜ਼ੀ ਨਾ ਬੋਲਣ ਵਾਲੇ ਲੋਕਾਂ ਲਈ ਅੰਗਰੇਜ਼ੀ ਪੜ੍ਹਾਉਣ ਦੀਆਂ ਸਹੂਲਤਾਂ ਵਿੱਚ ਸੂਬਾਈ ਸਰਕਾਰ ਨੇ ਕਟੌਤੀ ਲਈ ਸਕੂਲ ਬੋਰਡਾਂ ਨੂੰ ਮਜਬੂਰ ਕੀਤਾ ਹੈ ਜਿਸ ਦੇ ਸਿੱਟੇ ਵਜੋਂ ਬਹੁਤ ਸਾਰੇ ਬੱਚੇ ਪਿੱਛੇ ਰਹਿ ਜਾਣਗੇ ਤੇ ਫਿਰ ਭਵਿੱਖ ਵਿੱਚ ਨੌਕਰੀਆਂ ਤੇ ਕੈਰੀਅਰ ਵਿੱਚ ਰੁਕਾਵਟ। ਇਸ ਵਿੱਚੋਂ ਹੀ ਫਿਰ ਨਸਲਵਾਦ ਭੀ ਆਪਣੇ ਕਾਰਨ ਲੱਭੇਗਾ।

ਹੁਣ ਨਵੰਬਰ 1984 ਵਿੱਚ ਮਿਊਂਸਪਲ ਚੋਣਾਂ ਹੋ ਰਹੀਆਂ ਹਨ ਤੇ ਜ਼ਰੂਰੀ ਹੈ ਕਿ ਸਭ ਵੋਟਰ ਪੂਰੇ ਜ਼ੋਸ਼ ਨਾਲ ਉਹਨਾਂ ਕੋਪ ਅਗਾਂਹ ਵਧੂ ਤੇ ਲੋਕ ਹਿੱਤੂ ਲੋਕਾਂ ਨੂੰ ਮਿਊਂਸਪਲ ਕਮੇਟੀ ਸਕੂਲ ਬੋਰਡ ਤੇ ਪਾਰਕ ਬੋਰਡ ਵਿੱਚ ਜਿਤਾਉ ਜਿਹੜ ਉਪਰ ਦੱਸੇ ਮਸਲਿਆਂ ਤੇ ਸੂਬਾਈ ਸਰਕਾਰ ਤੋਂ ਅਧਿਕਾਰ ਲੈ ਸਕਣ ਅਤੇ ਘੋਲ ਕਰ ਸਕਣ। ਕੋਪ [cope] ਨੇ ਨਸਲਵਾਦ ਵਿਰੁੱਧ ਤੇ ਵਿਦਿਅਕ ਭਲਾਈ ਲਈ ਬਹੁਤ ਯਤਨ ਕੀਤੇ ਹਨ।

ਬੀ. ਸੀ. ਦੀ ਸਰਕਾਰ ਨੇ ਤਾਂ ਮਿਊਂਸਪਲ ਲੋਕਾਂ ਦੀ ਆਵਾਜ਼ ਨੂੰ ਠੁਕਰਾ ਦਿੱਤਾ ਹੈ ਕਿ ਉਹ ਸ਼ਹਿਰ ਨੂੰ ਪਿਛਲੇ ਚਾਰ ਸਾਲ ਵਿੱਚ ਦੋ ਵਾਰ ਫੈਸਲਾ ਦਿੱਤਾ ਕਿ ਉਹ ਸ਼ਹਿਰ ਨੂੰ ਵਾਰਡਾਂ ਵਿੱਚ ਵੰਡਣ ਦੇ ਹੱਕ ਵਿੱਚ ਹਨ। ਪਰ ਸੂਬਾਈ ਸਰਕਾਰ ਇਹ ਖੁਲ੍ਹ ਨਹੀਂ ਦੇਣਾ ਚਾਹੁੰਦੀ ਕਿਉਂਕਿ ਇਸ ਨਾਲ ਧਨੀਆਂ ਦੇ ਪੈਰੋਕਾਰ ਜਿੱਤ ਨਹੀਂ ਸਕਣਗੇ। ਸੋ ਇਹ ਰੋਕ ਭੀ "ਕੋਪ" ਨੂੰ ਕਮਜ਼ੋਰ ਕਰਨ ਲਈ ਹੈ।

ਅਮਨ ਦੇ ਮਸਲੇ ਤੇ ਵੈਨਕੂਵਰ ਕੌਂਸਲ ਜਿਸ ਵਿੱਚ "ਕੋਪ" (ਕਮਿਟੀ ਆਫ ਪ੍ਰੋਗਰੈਸਿਵ ਇਲੈਕਟਰਜ਼) ਮੇਅਰ ਹਾਰਕੋਰਟ ਤੇ ਉਸ ਦੇ ਸਾਥੀ ਨੇ ਪੂਰਾ ਹਿਸਾ ਲਿਆ ਕਿਉਂਕਿ ਅੱਜ ਦੁਨੀਆਂ ਦੇ ਖਾਤਮੇ ਦਾ ਡਰ ਹੈ ਅਤੇ ਅਮਰੀਕੀ ਸਾਮਰਾਜ ਸਾਡੇ ਮੁੱਢ ਬੈਠਾ ਅਮਨ ਭੰਗ ਕਰਨ ਤੇ ਜੰਗ ਲਾਉਣ ਦੇ ਮਾਹਰਾਂ ਵਿੱਚ ਹੈ ਜਿਵੇਂ ਅਮਰੀਕੀ ਪ੍ਰਧਾਨ ਰੇਗਨ ਨੇ ਆਖਿਆ ਕਿ ਅਸੀਂ ਰੂਸ ਨੂੰ ਗੈਰ ਕਾਨੂੰਨੀ ਕਰਾਰ ਦੇ ਦਿੱਤਾ ਹੈ ਤੇ ਪੰਜ ਮਿੰਟਾਂ ਵਿੱਚ ਬੰਬਾਰੀ ਹੋਵੇਗੀ ਸੋ ਇਸ ਤਰ੍ਹਾਂ ਦੇ ਦੈਂਤਾਂ ਦੇ ਨੇੜੇ, ਜਿੰਨ੍ਹਾਂ ਦੇ ਕਰੂਜ਼ ਮਿਜ਼ਾਇਲ ਅਲਬਰਟਾ ਵਿੱਚ ਟੈਸਟ ਹੋ ਰਹੇ ਹਨ ਅਮਨ ਲਈ ਹੋਰ ਭੀ ਆਵਾਜ਼ ਉਚੀ ਚਾਹੁੰਦੀ ਅਤੇ ਨਸ਼ੱਸ਼ਤਰਕਰਨ (disarmament) ਤੇ ਜ਼ੋਰ ਜ਼ਰੂਰੀ ਹੈ। ਇਸ ਤਰ੍ਹਾਂ ਹੁਣ ਵਰਗੀ ਕੌਂਸਲ ਹੀ ਕਰ ਸਕਦੀ ਹੈ ਜਿਸ ਨੂੰ ਲੋਕ ਰਾਏ ਰਾਹੀਂ ਵੈਨਕੂਵਰ ਨੂੰ ਹਿਥਆਰ ਰਹਿਤ ਰੱਖਣ ਲਈ ਅੱਸੀ ਫੀ ਸਦੀ ਵੋਟ ਲਏ। ਅਮਨ ਲਈ ਭੀ ਕੋਪ (Cope) ਸਭ ਤੋਂ ਅੱਗੇ ਹੈ।

ਸੋ ਵੈਨਕੂਵਰ ਵਰਗੀ "ਕੋਪ" ਮੇਅਰ ਹਾਰਕੋਰਟ ਅਗਾਂਹ ਵਧੂ ਲੋਕਾਂ ਨੂੰ ਸਭ ਮਿਊਂਸਪਲ ਕਮੇਟੀਆਂ ਵਿੱਚ ਜਿਤਾਉਣਾ ਜ਼ਰੂਰੀ ਹੈ ਜੋ ਸੂਬਾਈ ਸਰਕਾਰ ਅੱਗੇ ਸੋਸ਼ਲ ਸਰਵਿਸਜ਼ ਤੇ ਵਿਦਿਅਕ ਕਟੌਤੀ ਦੇ ਵਿਰੁੱਧ, ਮਿਊਂਸਪਲ ਕਾਮੇ ਨਾ ਹਟਾਉਣ, ਵਾਰਡ ਬਣਾਉਣ ਤੇ ਅਮਨ ਆਦਿ ਲਈ ਠੋਸ ਕੰਮ ਕਰ ਸਕਣ ਅਤੇ ਅੱਗੇ ਤੋਂ ਲੋਕਾਂ ਦੀ ਪਹੁੰਚ ਵਾਲੇ ਮਿਊਂਸਪਲ ਘਰ ਅਤੇ ਹੋਰ ਸ਼ਹਿਰ ਦੀ ਆਮਦਨ ਲਈ ਸੈਕੰਡਰੀ ਦਸਤਕਾਰੀ, ਕੋਅੱਪ ਤੇ ਚੰਗੇ ਜ਼ੋਨਿੰਗ ਲਈ ਕੰਮ ਕਰ ਸਕਣ। ਨਾਲ ਹੀ ਉਹ ਇਮਪੋਰਟ ਕੀਤੇ ਹੋਏ ਮੇਅਰ ਦੀ ਪਦਵੀ ਲਈ ਉਮੀਦਵਾਰ ਸ੍ਰੀ ਬਿੱਲ ਵੈਨਡਰਜ਼ੇਮ ਵਰਗੇ ਨੂੰ ਹਾਰ ਦੇ ਸਕਣ।

ਹੁਣ ਮੌਕਾ ਹੈ, ਲਾਮਬੰਦ ਹੋਵੋ ਤੇ ਮੁਹਿਮ ਵਿੱਚ ਸ਼ਾਮਲ ਹੋਵੋ ਕਿ ਲੋਕ ਵਿਰੋਧੀ ਤੇ ਬੀ. ਸੀ. ਸਰਕਾਰ (ਜੋ ਹਰ ਕਿਸਮ ਦੀਆਂ ਬੰਦਸ਼ਾਂ ਲਾਉਂਦੀ ਤੇ ਯੂਨੀਅਨ ਤੋੜਨ ਤੇ ਤੁਲੀ ਹੋਈ ਹੈ) ਦੇ ਪੈਰੋਕਾਰਾਂ ਨੂੰ ਹਰ ਥਾਂ ਹਾਰ ਦਿੱਤੀ ਜਾ ਸਕੇ।

ਉਪਰ ਵਾਲੀ ਸਾਰੀ ਸਟੇਟਮਿੰਟ ਦਾ ਭਾਵ ਹੈ ਕਿ ਵੈਨਕੂਵਰ ਦੀ ਕੋਪ, ਯੂਨੇਟੀ ਸਲੇਟ ਤੇ ਮੇਅਰ ਮਾਈਕ ਹਾਰਕੋਰਟ ਨੇ ਚੰਗੇ ਲੋਕ ਭਲਾਈ ਦੇ ਕੰਮ ਕੀਤੇ ਹਨ, ਸੋ ਉਨ੍ਹਾਂ ਨੂੰ ਇਸ ਸਾਲ ਇੰਨੀ ਭਾਰੀ ਬਹੁ ਕਿਣਤੀ ਨਾਲ ਜਿਤਾਓ ਤਾਂ ਕਿ ਕੋਪ ਤੇ ਯੂਨੇਟੀ ਸਲੇਟ ਹੋਰ ਭੀ ਜ਼ਿਆਦਾ ਲੋਕ ਹਿੱਤੂ ਕੰਮ ਕਰ ਸਕਣ। ਲੋਕਾਂ ਦਾ ਭਲਾ "ਕੋਪ" ਅਤੇ ਯੂਨੇਟੀ ਸਲੇਟ ਦੀ ਜਿੱਤ ਵਿੱਚ ਹੈ। ਉਸ ਦਾ ਵੈਨਕੂਵਰ ਦਾ ਸ਼ਾਨਦਾਰ ਰਿਕਾਰਡ ਸਾਡੇ ਸਾਹਮਣੇ ਹੈ। ਕੋਪ ਤੇ ਯੂਨੇਟੀ ਸਲੇਟ ਲੋਕਾਂ ਦੇ ਨੇੜੇ ਹਨ ਉਨ੍ਹਾਂ ਨੂੰ ਪਹੁੰਚ ਕਰਨੀ ਸੌਖੀ ਹੈ ਅਤੇ ਉਹ ਲੋਕ ਭਲਾਈ ਲਈ ਬਚਨਬੱਧ ਹਨ। ਆਓ ਲੋਕ ਭਲਾਈ ਦੇ ਚੰਗੇ ਕੰਮ ਕਰਵਾਉਣ ਲਈ ਕੋਪ ਤੇ ਯੂਨੇਟੀ ਸਲੇਟ ਨੂੰ ਭਾਰੀ ਗਿਣਤੀ ਵਿੱਚ ਜਿਤਾਈਏ।

# ਲੋਕਾਂ ਦੀ ਅਥਾਹ ਹਮਦਰਦੀ ਲਈ ਗੁਰਚਰਨ ਰਾਮਪੁਰੀ ਵਲੋਂ ਧੰਨਵਾਦ

ਪਿਆਰੇ ਭਰਾਵੋ ਤੇ ਭੈਣੋ,

ਸਤਿ ਸ੍ਰੀ ਅਕਾਲ।

19 ਅਕਤੂਬਰ ਨੂੰ ਮੇਰੇ ਉਤੇ ਹੋਏ ਹਮਲੇ ਬਾਰੇ ਤੁਸੀਂ ਮੈਨੂੰ ਬੇਅੰਤ ਪਿਆਰ ਅਤੇ ਹਮਦਰਦੀ ਭਰੇ ਕਈ ਸੌ ਫ਼ੋਨ ਕੀਤੇ ਹਨ। ਅਨੇਕਾਂ ਚਿੱਠੀਆਂ ਲਿਖੀਆਂ ਹਨ ਅਨੇਕਾਂ ਸਾਹਿਤਕ ਅਤੇ ਸਮਾਜਕ ਸੰਸਥਾਵਾਂ ਨੇ ਇਸ ਹਮਲੇ ਦੀ ਨਿਖੇਧੀ ਦੇ ਮਤੇ ਪਾਸ ਕਰਕੇ ਅਧਿਕਾਰੀਆਂ ਤੋਂ ਤੁਰੰਤ ਲੋੜੀਂਦੀ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

ਮੈਂ ਆਪਣੇ ਲੋਕਾਂ ਅਤੇ ਸਾਰੀਆਂ ਸੰਸਥਾਵਾਂ ਦਾ ਇਸ ਹਮਦਰਦੀ ਲਈ ਦਿਲੋਂ ਧੰਨਵਾਦ ਕਰਦਾ ਹਾਂ। ਮੈਂ ਆਪ ਨੂੰ ਵਿਸ਼ਵਾਸ਼ ਦਿਵਾਂਦਾ ਹਾਂ ਕਿ ਇਹ ਹਮਲਾ ਮੇਰੀ ਕਲਮ ਨੂੰ ਚੁੱਪ ਨਹੀਂ ਕਰਾ ਸਕਦਾ, ਸਗੋਂ ਅੱਗੇ ਵਾਂਗ ਹੀ ਮੈਂ ਆਖਰੀ ਸਾਹ ਤੱਕ ਤੁਹਾਡੀ ਕਲਮੀ ਸੇਵਾ ਕਰਦਾ ਰਹਾਂਗਾ।

ਧੰਨਵਾਦ

ਆਪਦਾ ਸ਼ੁਭਚਿੰਤਕ
ਗੁਰਚਰਨ ਰਾਮਪੁਰੀ।

ੴ

ੴ ਵਾਹਿਗੁਰੂ ਜੀ ਕੀ ਫਤਹਿ ॥

ਸ਼ਹੀਦੀ ਫੰਡ ਲਈ ਮਾਇਆ ਜਮ੍ਹਾਂ ਕਰਾਉਣ ਲਈ

## ਸਮੂਹ ਸਿੱਖ-ਜਗਤ ਨੂੰ ਸਿੰਘ ਸਾਹਿਬਾਨ ਵਲੋਂ

# ਅਪੀਲ

ਗੁਰੂ ਰੂਪ ਖਾਲਸਾ ਜੀ!

ਪਿਛਲੇ ਦਿਨੀਂ ਸ੍ਰੀ ਦਰਬਾਰ ਸਾਹਿਬ ਅਤੇ ਦੂਜੇ ਗੁਰਧਾਮਾਂ ਉੱਤੇ ਹੋਏ ਐਕਸ਼ਨ ਦੌਰਾਨ ਜੋ ਕਈ ਸਿੰਘ, ਸਿੰਘਣੀਆਂ ਤੇ ਬੱਚੇ ਸ਼ਹੀਦ ਹੋ ਗਏ ਸਨ ਉਹਨਾ ਦੇ [illegible] ਪ੍ਰਵਾਰਾਂ ਦੀ ਰਖਵਾਲੀ, ਸਹਾਇਤਾ ਤੇ [illegible] ਕਰਨਾ ਖਾਲਸਾ ਪੰਥ ਦੀ ਜ਼ਿੰਮੇਂਵਾਰੀ ਹੈ ਅਤੇ ਇਹਨਾ ਪ੍ਰਵਾਰਾਂ ਦੇ ਬੱਚਿਆਂ ਦਾ ਪਾਲਣ-ਪੋਸਣ ਅਤੇ ਉਹਨਾਂ ਨੂੰ ਵਿਦਿਆ ਦਿਵਾਉਣਾ ਸਾਡਾ ਮੁਖ ਫਰਜ਼ ਹੈ।

ਸੋ ਅਸੀਂ ਸਮੂਹ ਸਿਖ ਸੰਗਤਾਂ, ਸਿੰਘ ਸਭਾਵਾਂ ਤੇ ਦਾਨੀ ਗੁਰਮੁਖ ਸਿੰਘਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇਸ ਮਨੋਰਥ ਲਈ [illegible] "ਸ਼ਹੀਦੀ ਫੰਡ" ਵਿਚ ਦਿਲ ਖੋਲ੍ਹ ਕੇ ਹਿੱਸਾ ਪਾਉਣ।

ਸਾਡੇ ਨੋਟਿਸ ਵਿਚ ਆਇਆ ਹੈ ਕਿ ਕੁਝ ਵਿਅਕਤੀ ਅਤੇ ਸੰਸਥਾਵਾਂ ਪਿਛਲੇ ਕੁਝ ਸਮੇਂ ਤੋਂ ਸ਼ਹੀਦਾਂ ਦੇ ਪ੍ਰਵਾਰਾਂ ਦੀ ਸਹਾਇਤਾ ਹਿੱਤ, ਸਿਖ ਸੰਗਤ ਪਾਸੋਂ ਉਗਰਾਹੀ ਕਰਦੀਆਂ ਰਹੀਆਂ ਹਨ। ਉਹਨਾਂ ਸਭ ਨੂੰ ਵੀ ਸਾਡੀ ਅਪੀਲ ਹੈ ਕਿ ਉਹ ਇਕੱਤਰ ਹੋਈ ਮਾਇਆ ਤੁਰੰਤ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸ਼ਹੀਦੀ ਫੰਡ ਵਿਚ ਚੈੱਕਾਂ ਤੇ ਡਰਾਫਟਾਂ ਰਾਹੀਂ ਭੇਜ ਦੇਣ।

ਵਿਦੇਸ਼ਾਂ ਵਿਚ ਵਸਦੇ ਸਰਦੇ-ਪੁਜਦੇ ਸਿੰਘ ਵੀ ਇਸ 'ਸ਼ਹੀਦੀ ਫੰਡ' ਵਿਚ ਵਧ ਤੋਂ ਵਧ ਯੋਗਦਾਨ ਪਾਉਣ ਤਾਂ ਕਿ ਪੰਥ [illegible] ਇਸ ਵੱਡੀ ਜ਼ਿੰਮੇਵਾਰੀ ਨੂੰ ਸ਼੍ਰੋਮਣੀ ਗੁਰਦੁਆਰਾ [illegible] ਕਮੇਟੀ ਵਲੋਂ [illegible] ਢੰਗ ਤੇ ਨਿਭਾਇਆ ਜਾ ਸਕੇ।

ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ — ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ — ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ

ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ (ਬਠਿੰਡਾ) — ਹੈੱਡ ਗ੍ਰੰਥੀ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ



# "ਸਾਚੀ ਸਾਖੀ" ਵਿੱਚ ਝੂਠੀ ਸਾਖੀ

□ ਸੋਹਣ ਸਿੰਘ ਪੂੰਨੀ, ਸਰੀ, ਬੀ. ਸੀ.

"ਸਾਚੀ ਸਾਖੀ" (ਲੇਖਕ - ਸਿਰਦਾਰ ਕਪੂਰ ਸਿੰਘ, ਪ੍ਰਕਾਸ਼ਕ - ਬਬਰ ਖਾਲਸਾ, ਛਾਪਕ - ਮਾਡਰਨ ਪ੍ਰਿੰਟਿੰਗ ਹਾਊਸ, ਵੈਨਕੂਵਰ) ਵਿੱਚ ਸ਼ਹੀਦੇ ਆਜ਼ਮ ਭਗਤ ਸਿੰਘ ਬਾਰੇ ਬੜੀਆਂ ਗਲਤ ਅਤੇ ਘਟੀਆ ਕਿਸਮ ਦੀਆਂ ਗੱਲਾਂ ਲਿਖੀਆਂ ਗਈਆਂ ਹਨ। ਸਿਰਦਾਰ ਕਪੂਰ ਸਿੰਘ ਦੇ ਵਿਚਾਰ ਅਨੁਸਾਰ ਸ਼ਹੀਦ ਭਗਤ ਸਿੰਘ ਨੂੰ ਸ਼ਹੀਦ ਕਹਿਣਾ ਬਹੁਤ ਬੇਵਕੂਫੀ ਵਾਲੀ ਗੱਲ ਹੈ ਸਿਰਦਾਰ ਸਾਹਿਬ ਲਿਖਦੇ ਹਨ ਕਿ, "ਅਸਾਡੇ ਕੁੱਝ ਦੇਸ਼ ਵਾਸੀ, ਭਗਤ ਸਿੰਘ ਨੂੰ 'ਸ਼ਹੀਦੇ ਆਜ਼ਮ' ਕਹਿੰਦੇ ਹਨ, ਪਰੰਤੂ ਭਗਤ ਸਿੰਘ ਨੂੰ 'ਸ਼ਹੀਦ' ਕਹਿਣਾ ਹੀ, ਬਿਲਕੁੱਲ ਅਯੋਗ ਤੇ ਅਗਿਆਨ ਆਸ੍ਰਿਤ ਹੈ 'ਸ਼ਹੀਦੇ ਆਜ਼ਮ' ਹੋਣਾ ਤਾਂ ਬੜੇ ਦੂਰ ਦੀ ਗੱਲ ਹੈ।" (ਸਫਾ 119) ਇਸ ਤੋਂ ਪਿੱਛੋਂ ਸਰਦਾਰ ਸਾਹਿਬ 'ਸ਼ਹੀਦ' ਸ਼ਬਦ ਦੀ ਪ੍ਰੀਭਾਸ਼ਾ (Defiition) ਦਿੰਦੇ ਨੇ। ਤੇ ਸਰਦਾਰ ਸਾਹਿਬ ਦੀ ਇਸ ਪ੍ਰੀਭਾਸ਼ਾ ਅਨੁਸਾਰ, ਆਪਾਂ ਉਹ ਸਾਰੇ, ਜਿਹੜੇ ਕਿ ਗਦਰੀ ਬਾਬਿਆਂ ਨੂੰ, ਬੱਬਰਾਂ ਨੂੰ ਸ਼ਹੀਦ ਮੇਵਾ ਸਿੰਘ ਨੂੰ ਤੇ ਸ਼ਹੀਦ ਊਧਮ ਸਿੰਘ ਨੂੰ 'ਸ਼ਹੀਦ' ਆਖਦੇ ਹਾਂ, ਬੇਵਕੂਫ ਹਾਂ।

ਅੱਗੇ ਚੱਲ ਕੇ ਸ: ਸਾਹਿਬ ਉਹ ਕਾਰਨ ਦਿੰਦੇ ਹਨ ਜਿਨ੍ਹਾਂ ਕਰਕੇ ਭਗਤ ਸਿੰਘ ਹੈ ਐਵੇਂ ਸ਼ਹੀਦ ਬਣਾ ਦਿੱਤਾ ਗਿਆ। ਉਨ੍ਹਾਂ ਅਨੁਸਾਰ ਭਗਤ ਸਿੰਘ ਆਪਣੀ ਦਲੇਰੀ ਅਤੇ ਨਿਰਭੈਤਾ ਕਾਰਨ (ਜਿਸ ਦੀ ਕਿ ਉਸ ਨੇ ਅਯੋਗ ਵਰਤੋਂ ਕੀਤੀ) ਐਵੇਂ ਆਮ ਲੋਕਾਂ ਦੀ ਪ੍ਰਸੰਸਾ ਦਾ ਪਾਤਰ ਬਣ ਗਿਆ। ਪਰ ਅਸਲ ਕਾਰਨ ਸਰਦਾਰ ਸਾਹਿਬ ਇਹ ਸਮਝਦੇ ਨੇ ਕਿ ਹਿੰਦੂਆਂ ਨੇ ਭਗਤ ਸਿੰਘ ਨੂੰ ਐਵੇਂ ਚੁੱਕ ਕੇ ਸ਼ਹੀਦ ਬਣਾ ਦਿੱਤਾ ਹੈ। ਹਿੰਦੂਆਂ ਵੱਲੋਂ ਭਗਤ ਸਿੰਘ ਨੂੰ ਸ਼ਹੀਦ ਬਣਾਏ ਜਾਣ ਦੇ ਉਹ ਦੋ ਕਾਰਨ ਦਿੰਦੇ ਨੇ। ਪਹਿਲਾ; ਅੰਗਰੇਜ਼ ਸਾਂਡਰਸ ਅਤੇ ਉਸ ਨੂੰ ਬਚਾਉਣ ਵਾਲੇ ਸਿੱਖ ਚੰਨਣ ਸਿੰਘ ਨੂੰ ਭਗਤ ਸਿੰਘ ਹੁਣਾਂ ਵੱਲੋਂ ਗੋਲੀ ਮਾਰਨ ਦੇ ਕੰਮ ਨੂੰ (ਜਿਹੜਾ ਕਿ ਸ: ਕਪੂਰ ਸਿੰਘ ਅਨੁਸਾਰ ਸਿੱਖੀ ਦੇ ਉਲਟ ਸੀ) ਹਿੰਦੂਆਂ ਨੇ ਬਹੁਤ ਸਲਾਹਿਆ। ਉਹ ਲਿਖਦੇ ਨੇ, "…. ਕਾਰਨ ਸਪੱਸ਼ਟ ਇਹੋ ਜਾਪਦਾ ਹੈ, ਕਿ ਉਸ ਨੇ ਅੰਗਰੇਜ਼ ਸਾਂਡਰਸ ਅਤੇ ਉਸ ਨੂੰ ਬਚਾਉਣ ਵਾਲੇ ਸਿੱਖ ਨੂੰ, ਮਾਰ ਕੇ ਕਾਲੀ ਮਾਤਾ ਜੋ ਕਿ ਆਧੁਨਿਕ ਰਾਸ਼ਟਰਵਾਦੀ ਹਿੰਦੂਆਂ ਦੇ ਵਿਚਾਰ ਵਿੱਚ, ਭਾਰਤ ਮਾਤਾ ਦਾ ਹੀ ਅਧਿਆਤਮਕ ਰੂਪ ਹੈ, ਦੀ ਪ੍ਰਸੰਸਾ ਪ੍ਰਾਪਤ ਕੀਤੀ ਹੈ।" (ਸਫਾ ੧੨੦) ਹਿੰਦੂਆਂ ਵੱਲੋਂ ਭਗਤ ਸਿੰਘ ਨੂੰ ਸ਼ਹੀਦ ਬਣਾਏ ਜਾਣ ਦਾ ਦੂਜਾ ਤੇ ਵੱਡਾ ਕਾਰਨ ਸਰਦਾਰ ਸਾਹਿਬ ਅਨੁਸਾਰ ਭਗਤ ਸਿੰਘ ਵੱਲੋਂ ਆਪਣੇ ਵਾਲ ਕਟਵਾ ਦੇਣਾ ਸੀ ਉਹ ਲਿਖਦੇ ਨੇ, "ਸਭ ਤੋਂ ਵੱਧ ਪ੍ਰਬਲ ਕਾਰਨ ਇਹ ਵੀ ਹੋ ਸਕਦਾ ਹੈ ਕਿ ਉਸ ਨੇ ਕਤਲ ਪਿੱਛੋਂ, ਲਾਹੌਰੋਂ ਭੇਸ ਵਟਾ ਕੇ ਨੱਠ ਜਾਣ ਦੇ ਇਰਾਦੇ ਨਾਲ, ਸਿੱਖੀ ਦੇ ਚਿੰਨ, ਪਵਿੱਤਰ ਕੇਸ, ਕਤਲ ਕਰਵਾ ਦਿੱਤੇ ਸਨ, ਜਿਸ ਨੀਚ ਕਰਮ ਨੂੰ ਕਿ ਅਸਾਡੇ ਹਿੰਦੂ ਭਾਈਆਂ ਦਾ ਇਕ ਵਰਗ ਮੁੱਢ ਤੋਂ ਹੀ ਵੱਡਾ ਪ੍ਰਸੰਸਾ ਜਨਕ ਤੇ ਪੁਨਯ ਕਰਮ ਸਮਝਦਾ ਰਿਹਾ ਹੈ।" (ਸਫਾ 120)

ਸਰਦਾਰ ਕਪੂਰ ਸਿੰਘ ਅਨੁਸਰ ਅੰਗਰੇਜ਼ ਸਾਂਡਰਸ ਤੇ ਚੰਨਣ ਸਿੰਘ ਨੂੰ ਮਾਰਕੇ, ਜੋ ਕਿ "ਆਪਣੇ ਸਾਥੀ ਅਫਸਰ ਦੇ ਕਾਤਲ ਨੂੰ ਫੜਨ ਦਾ ਯਤਨ ਕਰਨ ਦੀ ਧਰਮ-ਪਾਲਣਾ" ਕਰ ਰਿਹਾ ਸੀ ਭਗਤ ਸਿੰਘ ਨੇ ਸਿੱਖੀ ਅਸੂਲਾਂ ਦੇ ਉਲਟ (ਤੇ ਹਿੰਦੂ ਧਰਮ ਦੇ ਅਸੂਲਾਂ ਅਨੁਸਾਰ ਠੀਕ) ਕੰਮ ਕੀਤਾ। ਸਰਦਾਰ ਕਪੂਰ ਸਿੰਘ ਲਿਖਦੇ ਹਨ ਕਿ ਫਾਂਸੀ ਲੱਗਣ ਤੋਂ ਕੁੱਝ ਸਮਾਂ ਪਹਿਲਾਂ ਭਗਤ ਸਿੰਘ ਨੇ ਅੰਮ੍ਰਿਤ ਛਕਣ ਦੀ ਖਾਹਿਸ਼ ਪ੍ਰਗਟ ਕੀਤੀ। ਇਸ 'ਖਾਹਿਸ਼' ਨੂੰ ਮੁੱਖ ਰੱਖ ਕੇ ਕਪੂਰ ਸਿੰਘ ਜੀ ਸਵਾਲ ਕਰਦੇ ਨੇ "ਕੀ ਭਗਤ ਸਿੰਘ ਨੂੰ, ਆਪਣੇ ਅੰਤਲੇ ਦਿਨਾਂ ਵਿੱਚ, ਇਹ ਗਿਆਨ ਹੋ ਗਿਆ ਸੀ, ਕਿ ਉਸ ਨੇ ਸਾਂਡਰਸ ਤੇ ਚੰਨਣ ਸਿੰਘ ਦਾ ਕਤਲ ਕਰਕੇ, ਸਿੱਖ ਧਰਮ ਤੇ ਸਿੱਖ ਕੀਮਤਾਂ ਦਾ ਨਿਸ਼ੇਧ ਕੀਤਾ ਹੈ? ਕੀ ਉਹ ਸਮਝ ਗਿਆ ਸੀ ਕਿ ਬੇ-ਗੁਨਾਹ ਆਦਮੀ ਨੂੰ ਬਿਨਾਂ ਵੰਗਾਰਨ ਦੇ ਅਗਿਆਤ ਗੋਤ ਨਾਲ ਮਾਰਨਾ, ਸਿੱਖੀ ਸ਼ੌਰਬ ਤੇ ਸਿੱਖੀ ਧਰਮ ਦੇ ਵਿਰੁੱਧ ਹੈ? ਕੀ ਉਸ ਨੂੰ ਬੋਧ ਹੋ ਗਿਆ ਸੀ ਕਿ ਜੋ ਕਾਰਾ ਉਸ ਨੇ ਕੀਤਾ ਹੈ ਉਸ ਦੀ ਸਿਧਾਂਤਕ ਤਰਕ-ਸਿੱਧੀ, ਘੋਰ ਵਾਮ ਸ਼ਾਕਤ ਦੇ, ਕਾਲੀ ਮਾਤਾ ਨੂੰ ਪ੍ਰਸੰਨ ਕਾਰਿਕ ਮਨੁਸ਼ਮੇਧ ਕਰਮ ਕਾਂਡ ਵਿੱਚ ਤਾਂ ਹੈ ਪਰ ਸਿੱਖੀ ਵਿੱਚ ਕਦਾਚਿਤ ਨਹੀਂ?" (ਸਫਾ 118 ਆਖਰੀ ਪੈਰਾ)

ਇਤਿਹਾਸ ਦਾ ਵਿਦਿਆਰਥੀ ਹੋਣ ਸਦਕਾ ਮੈਂ ਭਗਤ ਸਿੰਘ ਬਾਰੇ ਕਾਫੀ ਕੁੱਝ ਪੜ੍ਹਿਆ ਹੈ। ਸ਼ਹੀਦੇ ਆਜ਼ਮ ਦੇ ਭਰਾ, ਭੈਣ ਤੇ ਮਾਤਾ ਜੀ ਨਾਲ ਗੱਲਾਂ ਕਰਨ ਦਾ ਕਈ ਵਾਰ ਮੌਕਾ ਮਿਲਿਆ ਹੈ। ਸ਼ਹੀਦੇ ਆਜ਼ਮ ਦੇ ਅਸੈਂਬਲੀ ਵਿੱਚ ਬੰਬ ਸੁੱਟਣ ਵਾਲੇ ਉਨ੍ਹਾਂ ਦੇ ਸਾਥੀ ਬੀ. ਕੇ. ਦੱਤ ਨਾਲ ਗੱਲਾਂ ਕਰ ਸਕਣ ਦਾ ਸੁਭਾਗ ਮੈਨੂੰ ਪ੍ਰਾਪਤ ਹੈ। ਪਰ ਮੈਨੂੰ ਕਦੀ ਵੀ ਕਿਸੇ ਵੀ ਪਾਸਿਓਂ ਇਸ ਗੱਲ ਦਾ ਸੰਕੇਤ ਨਹੀਂ ਮਿਲਿਆ ਕਿ ਸ਼ਹੀਦੇ ਆਜ਼ਮ ਭਗਤ ਸਿੰਘ ਨੂੰ ਆਪਣੀ ਜ਼ਿੰਦਗੀ ਦੇ ਆਖਰੀ ਦਿਨਾਂ ਵਿੱਚ ਇਸ ਗੱਲ ਦਾ ਪਛਤਾਵਾ ਹੋਇਆ ਹੋਵੇ ਕਿ ਉਨ੍ਹਾਂ ਨੇ ਜੋ ਕੁੱਝ ਕੀਤਾ ਹੈ ਉਹ ਗਲਤ ਸੀ। ਅਦਾਲਤ ਵਿੱਚ ਦਿੱਤੇ ਬਿਆਨਾਂ ਅਤੇ ਉਨ੍ਹਾਂ ਦੀਆਂ ਹੋਰ ਲਿਖਤਾਂ ਤੋਂ ਸਾਫ ਪਤਾ ਲੱਗਦਾ ਹੈ ਕਿ ਉਨ੍ਹਾਂ ਨੂੰ ਸਗੋਂ ਸਭ ਕਾਸੇ ਦਾ ਫਖਰ ਸੀ।

ਸਿਰਦਾਰ ਕਪੂਰ ਸਿੰਘ ਜੀ ਬੜੇ ਪੜ੍ਹੇ ਲਿਖੇ ਤੇ ਸਿਆਣੇ ਸੱਜਣ ਹਨ। ਪਰ ਸ਼ਹੀਦੇ ਆਜ਼ਮ ਭਗਤ ਸਿੰਘ ਉਤੇ ਇਹ ਚਿੱਕੜ ਨਾ ਜਾਣੇ ਉਨ੍ਹਾਂ ਕਿਸ ਮਕਸਦ ਨਾਲ ਸੁੱਟਿਆ ਹੈ। ਸ਼ਹੀਦੇ ਆਜ਼ਮ ਦੀ ਕੁਰਬਾਨੀ ਸਾਰੇ ਹਿੰਦੁਸਤਾਨੀਆਂ ਲਈ ਸੀ। ਉਹ ਸਭਨਾਂ ਦੇ ਸਾਂਝੇ ਸ਼ਹੀਦ ਹਨ। ਸਿੱਖਾਂ ਨੂੰ ਵੀ ਉਨ੍ਹਾਂ ਦੀ ਸ਼ਹੀਦੀ ਤੇ ਉਤਨਾ ਹੀ ਮਾਣ ਹੈ ਜਿਤਨਾ ਕਿ ਬਾਕੀ ਭਾਰਤੀਆਂ ਨੂੰ।

# ਅਮਨ ਦੇ ਦੇਵਤਾ ਗੁਰੂ ਨਾਨਕ

■ ਸਵਰਨ ਸਿੰਘ 'ਸਨੇਹੀ' ਐਮ. ਏ.

ਗੁਰੂ ਨਾਨਕ ਆਗਮਨ ਦੇ ਸਮੇਂ ਨਾਲੋਂ ਅੱਜ ਪਤਾ ਨਹੀਂ ਅਮਨ ਸ਼ਬਦ ਦੀ ਵਰਤੋਂ ਕਿੰਨੇ ਗੁਣਾਂ ਵਧੇਰੀ ਹੁੰਦੀ ਹੋਵੇ। ਜਿਉਂ ਜਿਉਂ ਪਿਛਲੀਆਂ ਸਦੀਆਂ ਵਿੱਚ ਵਿਦਿਆ ਦੇ ਚਾਨਣ ਨਾਲ ਲੋਕਾਂ ਦੀ ਸੂਝ ਬੂਝ ਵਿੱਚ ਵਾਧਾ ਹੋਇਆ ਹੈ ਤਿਉਂ ਤਿਉਂ ਹੀ ਅਮਨ ਪ੍ਰਤੀ ਉਹਨਾਂ ਦੀ ਜਿਗਿਆਸਾ ਵੀ ਵਧੀ ਹੈ ਜੇ ਇੱਕ ਪਾਸੇ ਵਿਗਿਆਨ ਨੇ ਮਨੁੱਖ ਨੂੰ ਸੁੱਖ-ਸਾਧਨ ਪੈਦਾ ਕਰਕੇ ਦੇਣ ਵਿੱਚ ਕੋਈ ਕਸਰ ਬਾਕੀ ਨਹੀਂ ਰੱਖੀ ਤਾਂ ਦੂਜੇ ਪਾਸੇ ਮਨੁੱਖ ਦੀ ਤਬਾਹੀ ਨੂੰ ਵੀ ਹੋਰ ਘ੍ਰਿਣਾਤਮਕ ਬਣਾ ਕੇ ਨੇੜੇ ਲੈ ਆਂਦਾ ਹੈ। ਇਹ ਪ੍ਰਮਾਣੂ ਤੇ ਵਿਸਫੋਟਕ ਹਥਿਆਰ ਕਿਸੇ ਅਨਪੜ੍ਹ ਦਿਮਾਗ ਦੀ ਕਾਢ ਨਹੀਂ ਹਨ ਜਿੰਨ੍ਹਾਂ ਦੀ ਦੌੜ ਖਤਮ ਹੋਣੀ ਤਾਂ ਇੱਕ ਪਾਸੇ, ਇਸ ਨੂੰ ਮੱਠਿਆਂ ਕਰਨ ਸਬੰਧੀ ਵੀ ਫੈਸਲੇ ਨਹੀਂ ਹੋ ਰਹੇ। ਦੁਨੀਆਂ ਦੀਆਂ ਵੱਡੀਆਂ ਤਾਕਤਾਂ ਦਾ ਤਾਂ ਸਾਰਾ ਤਾਣ ਹੀ ਇਸ ਪਾਸੇ ਲੱਗ ਰਿਹਾ ਹੈ।

ਇਸ ਦਾ ਇਹ ਭਾਵ ਨਹੀਂ ਕਿ ਅੱਜ ਤੋਂ ਪੰਜ ਸਦੀਆਂ ਪਹਿਲਾਂ ਇਹ ਖਤਰਾ ਨਹੀਂ ਸੀ। ਜੰਗਾਂ-ਯੁੱਧਾਂ ਦੀ ਬੀਮਾਰੀ ਤਾਂ ਉਦੋਂ ਵੀ ਹੈ ਸੀ, ਪਰ ਫਰਕ ਕੇਵਲ ਇੰਨਾਂ ਕੁ ਸੀ ਕਿ ਉਦੋਂ ਲੋਕ ਡਾਂਗਾਂ-ਸੋਟਿਆਂ, ਤਲਵਾਰਾਂ ਬਰਛਿਆਂ ਨਾਲ ਲੜਦੇ ਸਨ; ਜਿਸ ਕਰਕੇ ਜਿੱਥੇ ਤੇ ਜਿੰਨ੍ਹਾਂ ਲੋਕਾਂ ਵਿੱਚ ਲੜਾਈ ਲੜੀ ਜਾਂਦੀ ਸੀ ਬਹੁਤਾ ਅਸਰ ਉਸ ਦਾ ਉਨ੍ਹਾਂ ਤੇ ਹੀ ਹੁੰਦਾ ਸੀ, ਦੂਜਿਆਂ ਦੀ ਨੀਂਦ ਘੱਟ ਹਰਾਮ ਹੁੰਦੀ ਸੀ ਪਰ ਹੁਣ ਤਾਂ ਦੁਨੀਆਂ ਦੇ ਇੱਕ ਸਿਰੇ ਤੋਂ ਲੱਗੀ ਹੋਈ ਲੜਾਈ ਦੂਜੇ ਸਿਰੇ ਤੇ ਵੱਸਦੇ ਲੋਕਾਂ ਲਈ ਵੀ ਚਿੰਤਾ ਦਾ ਕਾਰਨ ਬਣੀ ਰਹਿੰਦੀ ਹੈ।

ਨਿਰਸੰਦੇਹ ਗੁਰੂ ਨਾਨਕ ਦੇਵ ਜੀ ਦਾ ਮਨੋਰਥ ਲੋਕਾਂ ਵਿੱਚ ਧਾਰਮਿਕ ਭਾਵਨਾ ਜਗਾਉਣੀ, ਦੰਭ ਨੂੰ ਖਤਮ ਕਰਨਾ ਤੇ ਉਨ੍ਹਾਂ ਨੂੰ ਮਾਨਸਿਕ ਸੁੱਖ ਤੇ ਆਤਮਿਕ ਸ਼ਾਂਤੀ ਦਾ ਰਸਤਾ ਦਿਖਾਉਣਾ ਸੀ। ਗੁਰੂ ਜੀ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਦੇ ਸਨ ਕਿ ਜਿੰਨਾਂ ਚਿਰ ਮਨੁੱਖੀ ਮਨ ਵਿੱਚ ਭਟਕਣਾ ਹੈ ਉਨਾ ਚਿਰ ਇਹ ਅਮਨ ਵਿੱਚ, ਟਿਕ ਕੇ ਬਹਿਣ ਦੀ ਥਾਂ ਦੂਜਿਆਂ ਦੇ ਗਲ ਪੈ ਕੇ ਆਪਣੀ ਹਵਸ਼ ਪੂਰੀ ਕਰਦਾ ਰਹੇਗਾ ਤੇ ਇੱਥੋਂ ਹੀ ਲੜਾਈਆਂ ਦਾ ਮੁੱਢ ਬੱਝਦਾ ਹੈ। ਇਸ ਲਈ ਗੁਰੂ ਜੀ ਨੇ ਆਤਮਿਕ ਸੁੱਖ ਸ਼ਾਂਤੀ ਦੇਣ ਵਾਲੀ ਦਵਾਈ 'ਨਾਮ' ਖੁਲ੍ਹੇ ਹੱਥੀਂ ਵਰਤਾਈ, ਪਰ ਸਮਾਜਿਕ ਪੱਖੋਂ ਵੀ ਉਹ ਅਵੇਸਲੇ ਨਹੀਂ ਸਨ।

ਗੁਰੂ ਨਾਨਕ ਦਾ ਅਮਨ ਦੋ ਤਰ੍ਹਾਂ ਦਾ ਸੀ - ਆਤਮਿਕ ਅਰਥਾਤ ਅੰਤ੍ਰੀਵ ਤੇਸਮਾਜਕ, ਅਰਥਾਤ ਬਾਹਰ-ਮੁੱਖੀ। ਜੇ ਉਹ ਮਲਕ ਭਾਗੋ ਦੇ ਪੂੜਿਆਂ ਵਿੱਚੋਂ ਗਰੀਬਾਂ ਦੀ ਲੁੱਟ-ਖਸੁੱਟ ਦੇ ਖੂਨ ਨੂੰ ਪਛਾਣ ਕੇ ਉਸ ਤੇ ਦੁੱਖ ਅਨੁਭਵ ਕਰ ਸਕਦੇ ਸਨ ਤਾਂ ਉਹ ਇਹ ਕਿਵੇਂ ਦੇਖ ਸਕਦੇ ਸਨ ਕਿ ਲਹੂ ਮੁੜ੍ਹਕੇ ਦੀ ਕੀਤੀ ਹੋਈ ਪੰਜਾਬੀਆਂ ਤੇ ਭਾਰਤੀਆਂ ਦੀ ਕਮਾਈ ਕਿਸੇ ਲਾਲਚੀ ਜਰਵਾਣੇ ਤੇ ਹਮਲਾਵਰ ਦੇ ਭੰਡਾਰ ਭਰੇ? ਤੇ ਜੰਗਾਂ ਵਿੱਚ ਕੀ ਹੁੰਦਾ ਸੀ? ਇੱਕ ਦੂਜੀ ਧਿਰ ਦੇ ਬੰਦੇ ਮਾਰਨ ਪਿੱਛੋਂ ਜੇਤੂ ਹਮਲਾਵਰ ਉਥੋਂ ਲੁੱਟ-ਖਸੁੱਟ ਦਾ ਮਾਲ ਆਪਣੇ ਦੇਸ਼ ਨੂੰ ਨਾਲ ਚੁੱਕ ਲਿਜਾਂਦੇ ਸਨ। ਭਾਰਤ ਉਤੇ ਮਹਿਮੂਦ ਦੇ ਸਤਾਰਾਂ ਹਮਲਿਆਂ ਦਾ ਮੁੱਖ ਕਾਰਨ ਇਹੋ ਲੁੱਟ-ਖਸੁੱਟ ਹੀ ਤਾਂ ਸੀ।

ਗੁਰੂ ਨਾਨਕ ਦੇਵ ਜੀ ਦੇ ਸਮੇਂ ਲੜੀ ਗਈ ਇੱਕ ਮਹਾਨ ਜੰਗ ਸੀ - ਬਾਬਰ ਦਾ ਹਿੰਦ ਤੇ ਹਮਲਾ ਜਿਸ ਦਾ ਅਸਰ ਭਾਰਤ ਉਤੇ ਕਈ ਸਦੀਆਂ ਤੱਕ ਰਿਹਾ। ਗੁਰੂ ਨਾਨਕ ਨੇ ਇਸ ਹਮਲੇ ਦਾ ਡਟ ਕੇ ਵਿਰੋਧ ਕੀਤਾ। ਆਪਣੀ ਰਚਨਾ ਵਿੱਚ ਉਹਨਾਂ ਨੇ ਹਮਲਾਵਰਾਂ ਲਈ ਬੜੀ ਕਠੋਰ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ ਜਦ ਕਿ ਮਜ਼ਲੂਮਾਂ ਪ੍ਰਤੀ ਵਰਤੀ ਗਈ ਉਨ੍ਹਾਂ ਦੀ ਸ਼ਬਦਾਵਲੀ ਹਮਦਰਦੀ-ਪ੍ਰਗਟਾਊ ਹੈ। ਇਤਿਹਾਸਾਂ ਅਨੁਸਾਰ ਗੁਰੂ ਜੀ ਉਦੋਂ



ਸੈਦਪੁਰ ਸਨ ਤੇ ਬਾਕੀ ਲੋਕਾਂ ਦੇ ਨਾਲ ਉਨ੍ਹਾਂ ਨੂੰ ਵੀ ਕੁਛ ਚਿਰ ਬਾਬਰ ਦੀ ਜੇਲ੍ਹ ਦੀਆਂ ਚੱਕੀਆਂ ਪੀਹਣੀਆਂ ਪਈਆਂ ਸਨ। ਮੁਗਲ ਹਮਲਾਵਰਾਂ ਨੂੰ ਗੁਰੂ ਜੀ ਨੇ ਜਮਾਂ ਤੇ ਕੁਤਿਆਂ ਨਾਲ ਤੁਲਨਾਂ ਦਿੰਦਿਆਂ ਲਿਖਿਆ ਹੈ -

ਆਪੇ ਦੋਸੁ ਨ ਦੇਈ ਕਰਤਾ ਜਮ ਕਰਿ ਮੁਗਲੁ ਚੜਾਇਆ ॥ ਅਤੇ

ਰਤਨ ਵਿਗਾੜਿ ਵਿਗੋਏ ਕੁਤੀ ਮੁਇਆ ਸਾਰ ਨ ਕਾਈ।

ਕਿਸੇ ਵੀ ਵਧੀਆ ਲੇਖਕ ਤੇ ਕਵੀ ਦਾ ਵਿਸ਼ੇਸ਼ ਗੁਣ ਇਹੋ ਹੀ ਹੁੰਦਾ ਹੈ ਕਿ ਉਹ ਆਪਣੇ ਸਮੇਂ ਤੇ ਸਮਾਜ ਦੀ ਪ੍ਰਤੀਨਿਧਤਾ ਕਰਦਾ ਹੈ। ਮਹਾਨ ਕਵੀ ਹੋਣ ਦੇ ਨਾਤੇ, ਗੁਰੂ ਨਾਨਕ ਜੀ ਵੀ ਇਸ ਗੁਣ ਦੇ ਭਰਪੂਰ ਖਜ਼ਾਨੇ ਦੇ ਮਾਲਕ ਸਨ। ਬਾਬਰ ਦੇ ਹਮਲੇ ਨਾਲ ਜੋ ਦੁਰਦਸ਼ਾ ਭਾਰਤੀਆਂ ਦੀ ਹੋਈ ਉਸ ਦੀ ਦਿਲ ਟੁੰਬਵੀਂ ਦਰਦਨਾਕ ਤਸਵੀਰ ਗੁਰੂ ਨਾਨਕ ਨਾਲੋਂ ਵਧ ਸਹੀ ਰੂਪ ਵਿੱਚ ਹੋਰ ਕੌਣ ਪੇਸ਼ ਕਰਦਾ ਸੀ? ਉਹ ਫੁਰਮਾਉਂਦੇ ਹਨ:-

ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ ॥
ਸੇ ਸਿਰ ਕਾਤੀ ਮੁਨੀਅਨਿ ਗਲ ਵਿਚਿ ਆਵੈ ਧੂੜਿ ॥

ਅਰਥਾਤ ਜਿੰਨ੍ਹਾਂ ਸਿਰਾਂ ਵਿੱਚ ਕਦੇ ਸ਼ਿੰਗਾਰ ਦੇ ਰੂਪ ਵਿੱਚ ਸੰਧੂਰ ਲਾਇਆ ਜਾਂਦਾ ਸੀ ਉਹ ਕੇਸ ਹੁਣ ਕੈਂਚੀਆਂ ਨਾਲ ਕਟ ਦਿੱਤੇ ਗਏ ਹਨ। ਘੱਟਾ ਉਡ ਉਡ ਕੇ ਉਨ੍ਹਾਂ ਸਿਰਾਂ ਤੇ ਪੈ ਰਿਹਾ ਹੈ। ਜੋ ਔਰਤਾਂ ਕਦੇ ਮਹੱਲਾਂ ਵਿੱਚ ਵੱਸਦੀਆਂ ਸਨ ਤੇ ਜਿੰਨ੍ਹਾਂ ਦੇ ਉਠਣ ਬੈਠਣ ਤੇ ਵੀ ਰੁਪਇਆਂ ਦੀਆਂ ਨਜ਼ਰਾਂ ਭੇਂਟ ਹੁੰਦੀਆਂ ਸਨ ਉਨ੍ਹਾਂ ਔਰਤਾਂ ਨੂੰ ਜ਼ਾਲਮ ਹਮਲਾਵਰ, ਗਲਾਂ ਵਿੱਚ ਰੱਸੀਆਂ ਪਾ ਕੇ ਡੰਗਰਾਂ ਵਾਂਗ ਖਿਚੀ ਜਾਂਦੇ ਹਨ। ਇਸ ਦੁਰਦਸ਼ਾ ਵਿੱਚ ਹਿੰਦਵਾਣੀਆਂ ਜਾਂ ਮੁਸਲਮਾਨ-ਔਰਤਾਂ ਕਿਸੇ ਦਾ ਵੀ ਲਿਹਾਜ਼ ਨਹੀਂ ਕੀਤਾ ਗਿਆ। ਸਥਿਤੀ ਇੰਨੀ ਭੈੜੀ ਹੋ ਗਈ ਹੈ ਕਿ -

"ਬਾਬਰ ਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ।"

ਚਾਰੇ ਪਾਸੇ ਹਾਹਾਕਾਰ ਮੱਚ ਗਈ। ਬਾਬਰ ਦੀਆਂ ਫੌਜਾਂ ਵੱਲੋਂ ਕੀਤੀ ਗਈ ਕੱਟ-ਵੱਢ ਕਾਰਨ ਹਿੰਦੂਆਂ ਦੇ ਡੁਲ੍ਹੇ ਖੂਨ ਨਾਲ ਧਰਤੀ ਰੰਗੀ ਗਈ। ਏਸੇ ਲਈ ਤਾਂ ਗੁਰੂ ਜੀ ਨੇ ਏਮਨਾਬਾਦ ਦੀ ਤੁਲਨਾ ਮਾਸਪੁਰੀ ਅਰਥਾਤ ਲੋਥਾਂ ਦੀ ਨਗਰੀ ਨਾਲ ਕਰਦਿਆਂ ਆਪਣੀ ਰਚਨਾ ਨੂੰ, ਜੋ ਉਥੇ ਬੈਠ ਕੇ ਉਚਾਰੀ ਗਈ, ਖੂਨ ਦੇ ਸੋਹਿਲੇ ਆਖਿਆ ਹੈ -

ਖੂਨ ਕੇ ਸੋਹਿਲੇ ਗਾਵੀਅਹਿ ਨਾਨਕ
ਰਤੁ ਕਾ ਕੁੰਗੂ ਪਾਇ ਵੇ ਲਾਲੋ ॥
ਅਤੇ ਸਾਹਿਬ ਕੇ ਗੁਣ ਨਾਨਕੁ ਗਾਵੈ,
ਮਾਸਪੁਰੀ ਵਿਚਿ ਆਖੁ ਮਸੋਲਾ ॥

ਇਸ ਸਾਰੀ ਦੁੱਖਦਾਈ ਸਥਿਤੀ ਤੋਂ ਦੁੱਖੀ ਹੋਏ ਮਨ ਨਾਲ ਗੁਰੂ ਜੀ ਨੇ ਇਹ ਦੁਖਾਂਤ ਪੈਦਾ ਕਰਨ ਬਦਲੇ ਪ੍ਰਮਾਤਮਾ ਨੂੰ ਵੀ ਉਲਾਹਮਾ ਦਿੱਤਾ। ਉਹਨਾਂ ਨੇ ਹਿੰਦੂ ਮਜ਼ਲੂਮਾਂ ਨੂੰ ਗਊ ਤੇ ਹਮਲਾਵਰ ਜਰਵਾਣਿਆਂ ਨੂੰ ਸ਼ੇਰ ਮਿਥ ਕੇ ਅਕਾਲ ਪੁਰਖ ਨੂੰ ਸੰਬੋਧਨ ਕੀਤਾ ਕਿ "ਜੇ ਕੋਈ ਸ਼ਕਤੀਸ਼ਾਲੀ ਆਦਮੀ ਕਿਸੇ ਜਰਵਾਣੇ ਨਾਲ ਮੱਥਾ ਲਾਵੇ ਤਾਂ ਕਿਸੇ ਦੇ ਮਨ ਵਿੱਚ ਕੋਈ ਰੋਸ ਨਹੀਂ ਸਹੁੰਦਾ, ਪਰ ਜੇ ਜਰਵਾਣਾ ਸ਼ੇਰ ਵਿਚਾਰੀਆਂ ਗਊਆਂ ਦੇ ਵਗ ਤੇ ਹੱਲਾ ਬੋਲ ਦੇਵੇ ਤਾਂ ਮਾਲਕ ਕੋਲੋਂ ਪੁੱਛਗਿੱਛ ਜ਼ਰੂਰ ਹੁੰਦੀ ਹੈ। ਫਿਰ ਏਮਨਾਬਾਦ ਵਿੱਚ ਤਾਂ ਹਮਲਾਵਰ ਕੁਤਿਆਂ ਨੇ ਲਾਲਾਂ, ਰਤਨਾਂ ਵਰਗੇ ਹਿੰਦੀਆਂ ਨੂੰ ਘੱਟੇ ਕੌਡੀਆਂ ਰੋਲ ਦਿੱਤਾ ਹੈ।"

ਏਤੀ ਮਾਰ ਪਈ ਕੁਰਲਾਣੈ,
ਤੈ ਕੀ ਦਰਦੁ ਨ ਆਇਆ ॥

ਇਉਂ ਗੁਰੂ ਜੀ ਨੇ ਮਜ਼ਲੂਮਾਂ ਦੇ ਹੱਕ ਵਿੱਚ ਮਾਰੀ ਆਹ ਧੁਰ ਦਰਗਾਹ ਵਿੱਚ ਪਹੁੰਚਾਈ ਤੇ ਦੁਖੀਆਂ ਨਾਲ ਹਮਦਰਦੀ ਪ੍ਰਗਟ ਕੀਤੀ।

ਸੰਸਾਰ ਅਮਨ ਦੇ ਖਤਰਿਆਂ ਵਿੱਚ ਘਿਰਿਆ ਦੇਖ ਕੇ ਅੱਜ ਦੇ ਦਿਨ ਦੀ ਮਹੱਤਤਾ ਹੋਰ ਵੀ ਵਧ ਜਾਂਦੀ ਹੈ। ਅੱਜ ਜਿਸ ਤਰ੍ਹਾਂ ਦੁਨੀਆਂ ਵਿੱਚ ਕਈ ਥਾਈਂ ਖੂਨ ਖਰਾਬਾ ਹੋ ਰਿਹਾ ਹੈ ਤੇ ਜੰਗ ਦੇ ਬੱਦਲ ਮੰਡਲਾ ਰਹੇ ਹਨ ਉਸ ਨਾਲ ਵਿਗਿਆਨਕ ਖੇਤਰ ਵਿੱਚ ਉਨਤ ਹੋ ਰਹੇ ਵਿਸ਼ਵ ਭਾਈਚਾਰੇ ਦੀ ਸਲਾਮਤੀ ਹੋਰ ਵੀ ਖਤਰੇ ਵਿੱਚ ਪੈ ਰਹੀ ਹੈ। ਸਾਰੇ ਬੁੱਧੀਮਾਨ ਤੇ ਅਮਨ ਘੁਲਾਟੀਏ ਲੋਕ ਇਸ ਸਥਿਤੀ ਤੋਂ ਚਿੰਤਾਤੁਰ ਹਨ। ਇਸ ਸੰਬੰਧ ਵਿੱਚ ਜੇ ਗੁਰੂ ਨਾਨਕ ਦੇ ਉਪਦੇਸ਼ਾਂ ਨੂੰ ਸਹੀ ਅਰਥਾਂ ਵਿੱਚ ਅਮਲੀ ਜਾਮਾ ਪਹਿਨਾਇਆ ਜਾ ਸਕੇ ਤਦ ਨਿਰਸੰਦੇਹ ਅਸੀਂ ਆਪ ਸਹੇੜੀ ਇਸ ਸਮੱਸਿਆ ਵਿੱਚੋਂ ਬਚ ਕੇ ਨਿਕਲ ਸਕਦੇ ਹਾਂ, ਨਹੀਂ ਤਾਂ ਹੋਰ ਕੋਈ ਰਸਤਾ ਨਜ਼ਰ ਨਹੀਂ ਆਉਂਦਾ। ਗੁਰੂ ਨਾਨਕ ਜੀ ਨੇ ਹਮਲਾਵਰ ਨੂੰ ਜਿਸ ਦੁੱਖੀ ਹਿਰਦੇ ਨਾਲ ਕੋਸਿਆ ਤੇ ਮਜ਼ਲੂਮਾਂ ਪ੍ਰਤੀ ਜਿੰਨੀ ਹਮਦਰਦੀ ਪ੍ਰਗਟਾਈ, ਉਹ ਸਾਡੇ ਲਈ ਮਾਰਗ ਦਰਸ਼ਨ ਦਾ ਕੰਮ ਕਰਦੀ ਹੈ। ਉਨ੍ਹਾਂ ਵੱਲੋਂ ਆਪ ਬਾਬਰ ਦੀ ਜੇਲ੍ਹ ਵਿੱਚ ਕੈਦੀ ਬਣ ਕੇ ਉਸ ਨੂੰ ਸਹੀ ਤਰੀਕੇ ਨਾਲ ਜੰਗ ਦੇ ਸਿੱਟੇ ਸਮਝਾਉਣੇ ਇੱਕ ਅਰਥ ਭਰਪੂਰ ਅਮਲ ਸੀ।

ਸਾਨੂੰ ਅੱਜ ਦੀ ਸਥਿਤੀ ਵਿੱਚ ਗੁਰੂ ਜੀ ਦੇ ਉਪਦੇਸ਼ਾਂ ਤੇ ਅਮਲ ਕਰਕੇ ਵਿਸ਼ਵ ਦੀ ਵਿਸਫੋਟਕ ਸਥਿਤੀ ਨੂੰ ਸੰਭਾਲਣਾ ਚਾਹੀਦ ਹੈ।

## ਹਿੰਦ-ਪਾਕਿ 'ਚ ਗੋਲਾਬਾਰੀ ਜਾਰੀ

ਜੰਮੂ — ਜੰਮੂ ਤੇ ਕਸ਼ਮੀਰ ਵਿਚ ਪੁਣਛ ਦੇ ਚਾਗਾ ਸੈਕਟਰ 'ਚ ਭਾਰਤੀ ਸੁਰਖਿਆ ਫੌਜਾਂ ਅਤੇ ਪਾਕਿਸਤਾਨੀ ਫੌਜਾਂ ਦਰਮਿਆਨ ਗੋਲਾਬਾਰੀ ਹੋਈ। ਦਸਿਆ ਗਿਆ ਹੈ ਕਿ ਪਹਿਲਾਂ ਬਿਨਾਂ ਕਿਸੇ ਭੜਕਾਹਟ ਦੇ ਪਾਕਿਸਤਾਨ ਦੇ ਫੌਜੀਆਂ ਨੇ ਗੋਲੀ ਚਲਾਈ। ਇਸ ਸੈਕਟਰ ਵਿਚ 17 ਅਕਤੂਬਰ ਨੂੰ ਗੋਲੀ ਚਲਣੀ ਸ਼ੁਰੂ ਹੋਈ ਸੀ ਜੋ ਥੋੜ੍ਹੇ ਸਮੇਂ ਲਈ ਬੰਦ ਹੋ ਗਈ ਸੀ।

ਪੀ. ਟੀ. ਆਈ. ਅਨੁਸਾਰ ਪਾਕਿਸਤਾਨੀ ਫੌਜੀ ਅਧਿਕਾਰੀਆਂ ਨੇ ਸਰਹੱਦ ਦੇ ਨਾਲ ਨਾਲ ਲਗਦੇ ਸਿਵਲੀਅਨ ਲੋਕਾਂ ਤੋਂ ਇਲਾਕੇ ਖਾਲੀ ਕਰਵਾਉਣੇ ਸ਼ੁਰੂ ਕਰ ਦਿਤੇ ਹਨ ਕਿਉਂਕਿ ਦੋਹਾਂ ਦੇਸ਼ਾਂ ਦਰਮਿਆਨ ਖਾਰੀ ਇਲਾਕੇ ਵਿਚ ਭਾਰੀ ਗੋਲਾਬਾਰੀ ਚਲ ਰਹੀ ਹੈ। ਗੋਲਾਬਾਰੀ ਦੌਰਾਨ ਕੋਈ ਜਾਨੀ ਨੁਕਸਾਨ ਨਹੀਂ ਹੋਇਆ।

## ਨੂਰੀ ਦਰਸ਼ਨ

ਇਕਓਂਕਾਰ ਪੁਕਾਰਨ ਵਾਲਾ।
ਜੜ੍ਹ ਦੂਈ ਦੀ ਮਾਰਨ ਵਾਲਾ।
ਢੱਠੇ ਧਰਮ ਉਸਾਰਨ ਵਾਲਾ।
ਰੁੜ੍ਹਦੇ ਬੇੜੇ ਤਾਰਨ ਵਾਲਾ।
ਜਗ ਦਾ ਜਿਸ ਅੰਧੇਰ ਮਿਟਾਇਆ।
ਅਰਸ਼ਾਂ ਤੀਕਰ ਨੂਰ ਖਿੰਡਾਇਆ।

(ਫੀਰੋਜ਼ਦੀਨ ਸ਼ਰਫ਼)

# ਪੰਜਾਬ 'ਚ ਲੋਕ ਪ੍ਰੀਆ ਸਰਕਾਰ ਦਾ ਵਿਰੋਧ

ਲੁਧਿਆਣਾ — ਰਾਸ਼ਟਰੀ ਸੰਜੇ ਮੰਚ ਪੰਜਾਬ ਦੇ ਜਨਰਲ ਸਕੱਤਰ ਸ੍ਰੀ ਮੇਵਾ ਸਿੰਘ ਕੁਲਾਰ ਨੇ ਪੰਜਾਬ ਵਿਚ ਲੋਕ ਪ੍ਰੀਯ ਸਰਕਾਰ ਕਾਇਮ ਕੀਤੇ ਜਾਣ ਦਾ ਕਰੜਾ ਵਿਰੋਧ ਕਰਦੇ ਹੋਏ ਕਿਹਾ ਕਿ ਰਾਜ ਦੀ ਹਾਲਤ ਵਿਚ ਮੌਜੂਦਾ ਵਿਗਾੜ ਪੈਦਾ ਕਰਨ ਲਈ ਜ਼ਿੰਮੇਵਾਰ ਲੋਕਾਂ ਨੂੰ ਮੁੜ ਸੱਤਾ ਸੌਂਪਣਾ ਲੋਕਰਾਜ ਅਤੇ ਪੰਜਾਬ ਦੀ ਜਨਤਾ ਨਾਲ ਇਕ ਵਿਸ਼ਵਾਸ਼ਘਾਤ ਹੋਵੇਗਾ।

ਇਕ ਬਿਆਨ ਵਿਚ ਉਨ੍ਹਾਂ ਕਿਹਾ ਕਿ ਰਾਜ ਦੀ ਸਨਅਤੀ ਅਤੇ ਖੇਤੀ ਆਰਥਿਕਤਾ ਲਗਪਗ ਤਬਾਹੀ ਦੇ ਕੰਢੇ 'ਤੇ ਜਾ ਪੁੱਜੀ ਹੈ ਅਤੇ ਲੋਕਾਂ ਵਿਚ ਮੁੜ ਵਿਸ਼ਵਾਸ਼ ਪੈਦਾ ਕਰਕੇ ਆਰਥਿਕਤਾ ਨੂੰ ਨਵੀਂ ਸੇਧ ਦੇਣ ਦੀ ਥਾਂ ਤਾਕਤ ਦੇ ਭੁੱਖੇ ਸਿਆਸਤਦਾਨਾਂ ਵਲੋਂ ਕੁਰਸੀਆਂ ਦੀ ਦੌੜ ਸ਼ਰਮਨਾਕ ਹੱਦ ਦੀ ਗਿਰਾਵਟ ਦਾ ਸਬੂਤ ਹੈ। ਸ੍ਰੀ ਕੁਲਾਰ ਨੇ ਇਲਜ਼ਾਮ ਲਾਇਆ ਮੰਡੀਆਂ ਵਿਚ ਕਿਸਾਨਾਂ ਦੀ ਲੁੱਟ ਖਸੁੱਟ ਜਾਰੀ ਹੈ ਅਤੇ ਕਿਸਾਨਾਂ ਨੂੰ ਝੋਨੇ ਦੀਆਂ ਯੋਗ ਕੀਮਤਾਂ ਨਹੀਂ ਦਿਤੀਆਂ ਜਾ ਰਹੀਆਂ।

ਇਸੇ ਦੌਰਾਨ ਜ਼ਿਲਾ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਸ੍ਰੀ ਕੰਵਲਜੀਤ ਸਿੰਘ ਸਿੱਧੂ ਨੇ ਇਕ ਬਿਆਨ ਵਿਚ ਕੇਂਦਰ ਸਰਕਾਰ ਨੂੰ ਕਿਹਾ ਹੈ ਕਿ ਪੰਜਾਬ ਮਸਲੇ ਦਾ ਸਿਆਸੀ ਹੱਲ ਤਲਾਸ਼ ਕਰਕੇ ਅਤੇ ਪੰਜਾਬੀਆਂ ਦੀਆਂ ਯੋਗ ਮੰਗਾਂ ਪ੍ਰਵਾਨ ਕਰਕੇ ਰਾਜ ਦੀ ਹਾਲਤ ਆਮ ਵਰਗੀ ਬਨਾਉਣ ਵਲ ਪੇਸ਼ਕਦਮੀ ਕੀਤੀ ਜਾਵੇ।

# ਸਮਗਲਰਾਂ ਬਲੈਕੀਆਂ ਵਿਰੁਧ ਕਾਰਵਾਈ

ਅਟਾਰੀ — ਪੁਲਸ ਸਟੇਸ਼ਨ ਲੋਪੋਕੇ ਨੇ ਸਮਾਜ ਵਿਰੋਧੀ ਅਨਸਰਾਂ, ਸਮਗਲਰਾਂ ਅਤੇ ਬਲੈਕ ਮਾਰਕੀਟੀਆਂ ਵਿਰੁਧ ਮੁਹਿੰਮ ਚਲਾਈ ਗਈ ਹੈ। ਇਨ੍ਹਾਂ ਸੂਤਰਾਂ ਅਨੁਸਾਰ ਭਾਰੀ ਪੁਲੀਸ ਫੋਰਸ ਨੇ ਸਰਹੱਦੀ ਪਿੰਡ ਕੱਕੜਾਂ ਦੇ ਨਜ਼ਦੀਕ ਨਾਕਾ ਲਾਇਆ ਹੋਇਆ ਸੀ ਕਿ ਇਕ ਭਾਰਤੀ ਸਮਗਲਰ ਕਸ਼ਮੀਰ ਸਿੰਘ ਉਰਫ ਕਾਕੂ ਜਿਹੜਾ ਕਿ ਪਿਛਲੇ ਸੱਤਾਂ ਸਾਲਾਂ ਤੋਂ ਇਸ਼ਤਿਹਾਰੀ ਮੁਜ਼ਰਮ(ਭਗੌੜਾ) ਕਰਾਰ ਦਿਤਾ ਹੋਇਆ ਸੀ ਨੂੰ ਗ੍ਰਿਫਤਾਰ ਕਰ ਲਿਆ। ਉਸ ਵਿਰੁਧ ਅਫੀਮ ਐਕਟ ਅਧੀਨ ਕਈ ਕੇਸ ਦਰਜ ਸਨ। ਇਸੇ ਤਰ੍ਹਾਂ ਗਸ਼ਤ ਦੌਰਾਨ ਕਾਵਿਆਂ ਦੇ ਇਕ ਉਘੇ ਸਮਗਲਰ ਨੂੰ ਫੜਿਆ ਗਿਆ। ਜਿਸ ਦੇ ਕਬਜ਼ੇ ਵਿਚੋਂ 12 ਬੋਰ ਦਾ ਪਿਸਤੌਲ ਫੜਿਆ ਗਿਆ। ਦੋਵਾਂ ਦੋਸ਼ੀਆਂ ਤੋਂ ਪੁਛਗਿਛ ਜਾਰੀ ਹੈ।

ਪਿਛਲੇ ਦਿਨੀਂ ਇਸੇ ਖੇਤਰ ਵਿਚ ਬੀ. ਐਸ. ਐਫ. ਅਤੇ ਸਰਹੱਦੋਂ ਪਾਰ ਲੰਘ ਰਹੇ ਪਾਕਿਸਤਾਨੀ ਨਾਗਰਿਕਾਂ ਵਿਚ ਗੋਲੀ ਚਲਣ ਕਾਰਨ ਇਕ ਥਾਂ ਤੇ ਮਾਰਿਆ ਗਿਆ, ਇਕ ਸਖਤ ਜ਼ਖਮੀ ਹੋਇਆ ਅਤੇ ਇਕ ਫਰਾਰ ਹੋ ਗਿਆ।

# ਤਖਤ ਪਟਨਾ ਸਾਹਿਬ ਲਈ ਕਮੇਟੀ ਬਣੇਗੀ

ਅੰਮ੍ਰਿਤਸਰ — ਪੰਜ ਸਿੰਘ ਸਾਹਿਬਾਨ ਵਲੋਂ ਤਖਤ ਪਟਨਾ ਸਾਹਿਬ ਦੀ ਮੈਨੇਜਿੰਗਗ ਕਮੇਟੀ ਦੇ ਮਾਮਲਿਆਂ ਦੀ ਦੇਖ-ਭਾਲ ਕਰਨ ਲਈ ਦੋ-ਮੈਂਬਰੀ ਕਮੇਟੀ ਸਥਾਪਤ ਕੀਤੇ ਜਾਣ ਦੀ ਸੰਭਾਵਨਾ ਹੈ। ਇਸ ਵੇਲੇ ਮੈਨੇਜਿੰਗ ਕਮੇਟੀ ਦਾ ਕੰਮ ਭਾਰੀ ਪੁਲੀਸ ਪ੍ਰਬੰਧਾਂ ਹੇਠ ਚਲਾਇਆ ਜਾ ਰਿਹਾ ਹੈ।

# ਮਜੀਠਾ ਵਲੋਂ ਮੈਮੋਰੰਡਮ

ਅੰਮ੍ਰਿਤਸਰ — ਅਕਾਲੀ ਦਲ ਦੀ ਅਡਹਾਕ ਕਮੇਟੀ ਦੇ ਕਨਵੀਨਰ ਸ. ਪ੍ਰਕਾਸ਼ ਸਿੰਘ ਮਜੀਠਾ ਨੇ ਰਾਸ਼ਟਰਪਤੀ ਨੂੰ ਦਿੱਤੇ ਇਕ ਮੈਮੋਰੰਡਮ ਵਿਚ ਮੰਗ ਕੀਤੀ ਹੈ ਕਿ ਪੰਜਾਬ ਵਿਚ ਅੰਮ੍ਰਿਤਧਾਰੀ ਸਿੱਖਾਂ ਨੂੰ ਪੁਲੀਸ ਮੁਕਾਬਲਿਆਂ ਵਿਚ ਮਾਰਨ ਦੀ ਅਦਾਲਤੀ ਜਾਂਚ ਕਰਵਾਈ ਜਾਵੇ।

## 'ਕੈਨੇਡਾ ਦਰਪਣ' ਆਪ ਪੜ੍ਹੋ ਤੇ ਦੂਜਿਆਂ ਨੂੰ ਪੜ੍ਹਨ ਲਈ ਪਰੇਰੋ



# ਪਾਕਿ ਨੂੰ ਹਥਿਆਰਾਂ ਦੀ ਸਪਲਾਈ ਬਾਰੇ ਅਮਰੀਕਾ ਨੂੰ ਚਿਤਾਵਨੀ

ਨਵੀਂ ਦਿੱਲੀ — ਭਾਰਤ ਨੇ ਅਮਰੀਕਾ ਨੂੰ ਚਿਤਾਵਨੀ ਦਿਤੀ ਕਿ ਪਾਕਿਸਤਾਨ ਨੂੰ ਆਧੁਨਿਕਤਮ ਹਥਿਆਰਾਂ ਦੀ ਸਪਲਾਈ ਤਣਾਅ ਵਿਚ ਵਾਧਾ ਕਰੇਗੀ ਅਤੇ ਭਾਰਤੀ ਉਪ ਮਹਾਂਦੀਪ ਵਿਚ ਹਥਿਆਰਾਂ ਦੀ ਨਵੀਂ ਦੌੜ ਸ਼ੁਰੂ ਕਰੇਗੀ।

ਭਾਰਤ ਦੇ ਦੌਰੇ ਉਤੇ ਆਏ ਅਮਰੀਕਾ ਦੇ ਉਪ ਵਿਦੇਸ਼ ਮੰਤਰੀ ਸ੍ਰੀ ਰਿਚਰਡ ਮਰਫੀ ਨਾਲ ਵਾਰਤਾ ਦੌਰਾਨ ਪਾਕਿਸਤਾਨ ਨੂੰ ਅਮਰੀਕੀ ਹਥਿਆਰਾਂ ਦੀ ਸਪਲਾਈ 'ਤੇ ਚਿੰਤਾ ਪ੍ਰਗਟ ਕਰਦਿਆਂ ਵਿਦੇਸ਼ ਸਕੱਤਰ ਸ੍ਰੀ ਮਹਿਰਾਜ ਕ੍ਰਿਸ਼ਨ ਰਸਗੋਤਰਾ ਨੇ ਭਾਰਤ ਦੇ ਇਸ ਇਰਾਦੇ ਨੂੰ ਦੁਹਰਾਇਆ ਕਿ ਉਹ ਇਸ ਖਿੱਤੇ ਵਿਚ ਹਰ ਹੀਲੇ ਅਮਨ ਕਾਇਮ ਰੱਖਣਾ ਚਾਹੁੰਦਾ ਹੈ।

ਵਾਰਤਾ ਮਗਰੋਂ ਇਕ ਸਰਕਾਰੀ ਤਰਜਮਾਨ ਨੇ ਪੱਤਰਕਾਰਾਂ ਨੂੰ ਦਸਿਆ ਕਿ ਸ੍ਰੀ ਰਸਗੋਤਰਾ ਨੇ ਸ੍ਰੀ ਮਰਫੀ ਨੂੰ ਸਪਸ਼ਟ ਕੀਤਾ ਕਿ ਭਾਰਤ ਦਾ ਪਾਕਿਸਤਾਨ ਦੇ ਪ੍ਰਮਾਣੂੰ ਅੱਡਿਆਂ 'ਤੇ ਹੱਲਾ ਬੋਲਣ ਦਾ ਕੋਈ ਇਰਾਦਾ ਨਹੀਂ। ਉਨ੍ਹਾਂ ਕਿਹਾ ਕਿ ਭਾਰਤ ਨੇ ਕਦੇ ਵੀ ਪਾਕਿਸਤਾਨ 'ਤੇ ਪਹਿਲਾਂ ਹਮਲਾ ਨਹੀਂ ਕੀਤਾ ਅਤੇ ਭਵਿਖ ਵਿਚ ਵੀ ਅਜਿਹਾ ਨਹੀਂ ਕਰੇਗਾ।

# ਤਿੰਨ ਡਾਕੂ ਗ੍ਰਿਫਤਾਰ

ਜਲੰਧਰ — ਪਿਛਲੀ ਰਾਤ ਫਿਲੌਰ ਥਾਣੇ 'ਚ ਪੈਂਦੇ ਅਪਰਾ ਨੇੜੇ ਨਹਿਰ ਦੇ ਪੁਲਸ 'ਤੇ ਸੰਖੇਪ ਜਿਹੇ ਮੁਕਾਬਲੇ 'ਚ ਡਾਕੂਆਂ ਦੇ ਤਿੰਨ ਮੈਂਬਰੀ ਗਰੋਹ ਦੇ ਆਗੂ ਕਸਤੂਰ ਸਿੰਘ ਉਰਫ ਕਸਤੂਰ ਨੂੰ ਉਸ ਦੇ ਦੋ ਸਾਥੀਆਂ ਸਮੇਤ ਪੁਲੀਸ ਨੇ ਗ੍ਰਿਫਤਾਰ ਕਰ ਲਿਆ।

ਜ਼ਿਲਾ ਪੁਲੀਸ ਮੁਖੀ ਐਸ. ਐਸ. ਵਿਰਕ ਨੇ ਦਸਿਆ ਕਿ ਜਦ ਪੁਲੀਸ ਨੂੰ ਇਹ ਸੂਚਨਾ ਮਿਲੀ ਕਿ ਕਸਤੂਰੀ ਨੂੰ ਕੁਝ ਪਿੰਡਾਂ 'ਚ ਘੁੰਮਦੇ ਦੇਖਿਆ ਗਿਆ ਹੈ ਤਾਂ ਪਿੰਡ ਮਸਾਨੀਆਂ 'ਚ ਪੁਲੀਸ ਤਾਇਨਾਤ ਕਰ ਦਿਤੀ ਗਈ ਤੇ ਨਾਲ ਹੀ ਅਪਰਾ ਨੇੜੇ ਨਹਿਰ ਦੇ ਪੁਲ 'ਤੇ ਨਾਕਾਬੰਦੀ ਕਰ ਲਈ ਗਈ। ਰਾਤ ਦੇ 1 ਵਜੇ ਤਿੰਨ ਵਿਅਕਤੀ ਨੇੜੇ ਆਉਂਦੇ ਦੇਖੇ ਗਏ ਜਦ ਪੁਲੀਸ ਨੇ ਉਨ੍ਹਾਂ ਨੂੰ ਵੰਗਾਰਿਆ ਤਾਂ ਉਨ੍ਹਾਂ ਅੱਗਿਓਂ ਗੋਲੀ ਚਲਾ ਦਿ ਤੀ। ਪੁਲੀਸ ਨੇ ਜਵਾਬੀ ਗੋਲੀ ਚਲਾਈ। ਇਸੇ ਦੌਰਾਨ ਕਸਤੂਰੀ ਨੂੰ ਮੌਕੇ 'ਤੇ ਹੀ ਕਾਬੂ ਕਰ ਲਿਆ ਗਿਆ ਜਦ ਕਿ ਉਸ ਦੇ ਦੋ ਸਾਥੀ ਲਖਬੀਰ ਸਿੰਘ ਉਰਫ ਸੰਤਾ ਅਤੇ ਨਰਿੰਦਰ ਸਿੰਘ ਉਰਫ ਰਾਣਾ ਬਚ ਕੇ ਦੌੜ ਗਏ। ਇਹ ਦੋਵੇਂ ਵਿਅਕਤੀ ਬੰਗਾ ਥਾਣੇ 'ਚ ਪੈਂਦੇ ਕਰਨਾਣਾ ਪਿੰਡ ਦੇ ਹਨ

# ਪੱਤਰਕਾਰਾਂ ਵਲੋਂ ਹਾਈਕੋਰਟ 'ਚ ਰਿੱਟ

ਚੰਡੀਗੜ੍ਹ — ਕੌਮਾਂਤਰੀ ਖਬਰ ਏਜੰਸੀ "ਏ. ਪੀ." ਦੇ ਪ੍ਰਤੀਨਿਧ ਬ੍ਰਹਮ ਚੇਲਾਨੀ ਨੇ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਇਕ ਰਿੱਟ ਪਟੀਸ਼ਨ ਦਾਇਰ ਕਰਕੇ ਆਪਣੇ ਵਿਰੁਧ ਪੰਜਾਬ ਪੁਲਸ ਵਲੋਂ ਅੰਮ੍ਰਿਤਸਰ ਵਿਚ ਦਰਜ ਐਫ. ਆਈ. ਆਰ. ਨੂੰ ਰੱਦ ਕੀਤੇ ਜਾਂਣ ਦੀ ਬੇਨਤੀ ਕੀਤੀ।

# ਪੰਚਾਇਤ ਸੰਮਤੀਆਂ ਦੀ ਮੁਅੱਤਲੀ 'ਚ ਸਾਲ ਦਾ ਵਾਧਾ

ਚੰਡੀਗੜ੍ਹ — ਰਾਸ਼ਟਰਪਤੀ ਨੇ ਇਕ ਆਰਡੀਨੈਂਸ ਜਾਰੀ ਕਰਕੇ ਪੰਜਾਬ ਵਿਚ ਜ਼ਿਲਾ ਪ੍ਰੀਸ਼ਦਾਂ ਤੇ ਪੰਚਾਇਤ ਸੰਮਤੀਆਂ ਦੀ ਮੁਅੱਤਲੀ ਦੀ ਮਿਆਦ ਵਿਚ ਇਕ ਸਾਲ ਲਈ ਵਾਧਾ ਕਰ ਦਿਤਾ ਹੈ। ਇਸ ਆਰਡੀਨੈਂਸ ਰਾਹੀਂ ਪੰਜਾਬ ਪੰਚਾਇਤ ਸੰਮਤੀ ਤੇ ਜ਼ਿਲਾ ਪ੍ਰੀਸ਼ਦ ਐਕਟ, 1978 ਵਿਚ ਸੋਧ ਕੀਤੀ ਗਈ ਹੈ। ਪਹਿਲੇ ਐਕਟ ਅਨੁਸਾਰ ਪੰਚਾਇਤੀ ਰਾਜ ਸੰਸਥਾਵਾਂ ਦੀ ਮੁਅੱਤਲੀ ਵੱਧ ਤੋਂ ਵੱਧ ਛੇ ਸਾਲਾਂ ਲਈ ਹੋ ਸਕਦੀ ਹੈ, ਪਰ ਆਰਡੀਨੈਂਸ ਰਾਹੀਂ ਇਸ ਸਮੇਂ ਨੂੰ ਵਧਾ ਕੇ ਸੱਤ ਸਾਲ ਕਰ ਦਿਤਾ ਗਿਆ ਹੈ।

ਪੰਜਾਬ ਵਿਚ ਪੰਚਾਇਤੀ ਰਾਜ ਸੰਸਥਾਵਾਂ 1978 ਤੋਂ ਮੁਅੱਤਲ ਹਨ। ਇਨ੍ਹਾਂ ਸੰਸਥਾਵਾਂ ਦੀਆਂ ਚੋਣਾਂ 27 ਮਾਰਚ, 1984 ਤੱਕ ਮੁਕੰਮਲ ਹੋ ਜਾਣੀਆਂ ਚਾਹੀਦੀਆਂ ਸਨ ਪਰ ਨਵੀਂ ਤਰਮੀਮ ਮਗਰੋਂ ਇਹ ਚੋਣਾਂ 11 ਅਕਤੂਬਰ 1985 ਤੱਕ ਕਰਵਾਈਆਂ ਜਾ ਸਕਣਗੀਆਂ। ਪੰਜਾਬ ਵਿਚ 10,000 ਤੋਂ ਵੱਧ ਗ੍ਰਾਮ ਪੰਚਾਇਤਾਂ ਦੀਆਂ ਚੋਣਾਂ ਪਿਛਲੇ ਸਾਲ ਮੁਕੰਮਲ ਹੋਈਆਂ ਸਨ ਅਤੇ ਹਾਕਮ ਪਾਰਟੀ ਨੇ ਦਾਅਵਾ ਕੀਤਾ ਸੀ ਕਿ ਇਸ ਦੇ ਸਮਰਥਨ 70 ਫੀ ਸਦੀ ਤੋਂ ਵੱਧ ਸੀਟਾਂ ਜਿੱਤਣ ਵਿਚ ਸਫਲ ਰਹੇ।

(ਪੰਨਾ 13 ਦੀ ਬਾਕੀ)

ਇੰਡੋ ਕਨੇਡੀਅਨ ਵੂਮੈਨ ਫਾਰ ਫਰੀਡਮ ਐਂਡ ਪੀਸ ਵਲੋਂ ਅਤੇ ਇਕ ਵਿਅਕਤੀਗਤ ਬਰਾਡਕਾਸਟਰ ਦੇ ਤੌਰ ਤੇ ਸੁਸ਼ਮਾ ਸਰਧਾਨਾ ਹੁਰੀਂ ਆਪਣੇ ਵਿਚਾਰ ਪ੍ਰਗਟਾਏ। ਉਨ੍ਹਾਂ ਕਿਹਾ ਕਿ ਇਸ ਸਮੇਂ ਸਾਡੀ ਕਮਿਊਨਿਟੀ ਵਿਚ ਪੰਜਾਬ ਵਿਚ ਔਰਤਾਂ ਉਪਰ ਹੋਏ ਜ਼ੁਲਮ ਦੀਆਂ ਕਹਾਣੀਆਂ ਦੱਸ ਕੁਝ ਲੀਡਰ ਲੋਕਾਂ ਨੂੰ ਆਪਣੇ ਪਿਛੇ ਲਾਉਣ ਦਾ ਯਤਨ ਕਰ ਰਹੇ ਹਨ। ਉਨ੍ਹਾਂ ਕਿਹਾ ਔਰਤਾਂ ਉਪਰ ਹੋਏ ਜ਼ੁਲਮ ਵਿਰੁਧ ਬੋਲਣਾ ਠੀਕ ਗੱਲ ਹੈ ਪਰ ਮੈਂ ਇਨ੍ਹਾਂ ਲੀਡਰਾਂ ਨੂੰ ਇਕ ਸੁਆਲ ਪੁੱਛਣਾ ਚਾਹਾਂਗੀ ਕਿ ਹਿੰਦੁਸਤਾਨ ਦੇ ਬਾਕੀ ਹਿਸਿਆਂ ਵਿਚ ਵੀ ਹਰ ਰੋਜ਼ ਔਰਤਾਂ ਉਪਰ ਜਬਰ ਦੀਆਂ ਅਨੇਕਾਂ ਘਟਨਾਵਾਂ ਵਾਪਰਦੀਆਂ ਹਨ। ਉਸ ਸਮੇਂ ਇਹ ਲੀਡਰ ਕਿਉਂ ਨਹੀਂ ਕੁਝ ਬੋਲਦੇ। ਏਥੇ ਵੈਨਕੂਵਰ ਵਿਚ ਹਰ ਰੋਜ਼ ਕਈ ਔਰਤਾਂ ਨੂੰ ਘਰ ਵਿਚ ਕੁੱਟ ਮਾਰ ਦਾ ਸ਼ਿਕਾਰ ਹੋਣਾ ਪੈਂਦਾ ਹੈ ਅਤੇ ਕਈ ਵਾਰੀ ਉਹਨਾਂ ਦੇ ਘਰ ਦੇ ਕੁੱਟ ਮਾਰ ਕਰਕੇ ਅੱਧੀ ਰਾਤ ਘਰੋਂ ਬਾਹਰ ਕੱਢ ਦਿੰਦੇ ਹਨ। ਉਸ ਸਮੇਂ ਇਹ ਲੀਡਰ ਕਿੱਥੇ ਸੁੱਤੇ ਹੋਏ ਹੁੰਦੇ ਹਨ। ਇਕ ਬਰਾਡਕਾਸਟਰ ਵਲੋਂ ਬੋਲਦਿਆਂ ਉਨ੍ਹਾਂ ਕਿਹਾ ਕਿ ਮੈਂ ਸਮਝਦੀ ਹਾਂ ਕਿ ਏਥੇ ਹਰ ਕਿਸੇ ਨੂੰ ਲਿਖਣ ਬੋਲਣ ਦੀ ਆਜ਼ਾਦੀ ਹੋਣੀ ਚਾਹੀਦੀ ਹੈ ਅਤੇ ਇਸ ਆਜ਼ਾਦੀ ਉਪਰ ਕਿਸੇ ਤਰ੍ਹਾਂ ਦੇ ਹਮਲੇ ਦੀ ਸਾਨੂੰ ਡਟ ਕੇ ਵਿਰੋਧਤਾ ਕਰਨੀ ਚਾਹੀਦੀ ਹੈ।"

ਇਸ ਤੋਂ ਬਾਅਦ ਕਵੀ ਗੁਰਚਰਨ ਰਾਮਪੁਰੀ ਹੁਰਾਂ ਆਪਣੀਆਂ ਚਾਰ ਪੰਜ ਕਵਿਤਾਵਾਂ ਸੁਣਾਈਆਂ। ਗੁਰਚਰਨ ਰਾਮਪੁਰੀ ਹੁਰਾਂ ਤੋਂ ਬਿਨਾਂ ਭਵਖੰਡਨ, ਸੁਰਜੀਤ ਕਲਸੀ, ਅਮਰਜੀਤ ਚਾਹਲ ਅਤੇ ਅਜਮੇਰ ਰੋਡੇ ਹੁਰਾਂ ਆਪਣੀਆਂ ਕਵਿਤਾਵਾਂ ਸੁਣਾਈਆਂ।

ਫਿਰ ਮੀਟਿੰਗ ਵਿਚ ਕਵੀ ਗੁਰਚਰਨ ਰਾਮਪੁਰੀ ਉਪਰ ਹੋਏ ਹਮਲੇ ਦਾ ਵਿਰੋਧ ਵਿਚ ਇਕ ਮਤਾ ਪੇਸ਼ ਕੀਤਾ ਗਿਆ ਜੋ ਸਰਬ ਸੰਮਤੀ ਨਾਲ ਲੋਕਾਂ ਨੇ ਤਾੜੀਆਂ ਮਾਰ ਪਾਸ ਕੀਤਾ। ਮਤਾ ਇਸ ਪ੍ਰਕਾਰ ਹੈ :—

### ਮਤਾ

19 ਅਕਤੂਬਰ ਨੂੰ ਲੇਖਕ ਗੁਰਚਰਨ ਰਾਮਪੁਰੀ ਉਪਰ ਕੁਝ ਆਦਮੀਆਂ ਵਲੋਂ ਸਵੇਰੇ ਅੱਠ ਵਜੇ ਹਮਲਾ ਕੀਤਾ ਗਿਆ। ਕਿਉਂਕਿ ਦੋ ਤਿੰਨ ਹਫਤੇ ਪਹਿਲਾਂ ਏਥੋਂ ਦੇ ਪੇਪਰਾਂ ਵਿਚ "ਅਕਾਲੀ ਪਾਰਟੀ ਵਲੋਂ ਚਲਾਏ ਗਏ ਘੋਲਾਂ ਬਾਰੇ" ਇਕ ਆਰਟੀਕਲ ਲਿਖਿਆ ਸੀ। ਉਸੇ ਹੀ ਦਿਨ ਲੋਕ ਸਦਭਾਵਨਾ ਮੰਚ ਦੇ ਬੁਲਾਰੇ ਸੁਖਵੰਤ ਹੁੰਦਲ ਦੇ ਘਰ ਧਮਕੀਆਂ ਭਰੇ ਫੋਨ ਕੀਤੇ ਗਏ। ਪਿਛਲੇ ਸਮੇਂ ਵਿਚ ਵੀ ਜਿਹੜੇ ਜਿਹੜੇ ਲੋਕਾਂ ਨੇ ਕਮਿਊਨਿਟੀ ਵਿਚ ਏਕਤਾ ਦੀ ਗੱਲ ਕੀਤੀ ਹੈ, ਉਨ੍ਹਾਂ ਨੂੰ ਵੀ ਧਮਕੀਆਂ ਮਿਲੀਆਂ ਹਨ।

ਅਸੀਂ ਇਨ੍ਹਾਂ ਬੁਜ਼ਦਿਲੀ ਭਰੇ ਅਤੇ ਅਨਡੈਮੋਕਰੈਟਿਕ ਕੰਮਾਂ ਦੀ ਨਿਖੇਧੀ ਕਰਦੇ ਹਾਂ ਅਤੇ ਦ੍ਰਿੜਤਾ ਨਾਲ ਕਹਿੰਦੇ ਹਾਂ ਕਿ ਅਸੀਂ ਲੋਕਾਂ ਦੀ ਲਿਖਣ, ਬੋਲਣ ਦੀ ਆਜ਼ਾਦੀ ਲਈ ਲੜਾਈ ਜਾਰੀ ਰੱਖਾਂਗੇ।"

— — — — —

ਅੰਤ ਵਿਚ ਫੋਰਮ ਵਲੋਂ ਸੁਖਵੰਤ ਹੁੰਦਲ ਹੁਰਾਂ, ਆਏ ਹੋਏ ਲੋਕਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਆਪਾਂ ਸਾਰਿਆਂ ਨੂੰ ਅੱਜ ਪ੍ਰਣ ਕਰਨਾ ਚਾਹੀਦਾ ਹੈ ਕਿ ਆਪਾਂ ਕਮਿਊਨਿਟੀ ਵਿਚ ਏਕਤਾ ਲਈ ਕੰਮ ਕਰਨਾ ਹੈ, ਅਤੇ ਲੋਕਾਂ ਦੀ ਲਿਖਣ, ਬੋਲਣ ਦੀ ਆਜ਼ਾਦੀ ਉਪਰ ਦ੍ਰਿੜਤਾ ਨਾਲ ਪਹਿਰਾ ਦੇਣਾ ਹੈ ਇਸਦੇ ਨਾਲ ਹੀ ਉਨ੍ਹਾਂ ਕਿਹਾ ਕਿ ਲੋਕ ਸਦਭਾਵਨਾ ਮੰਚ ਅਜਿਹੀਆਂ ਹੋਰ ਮੀਟਿੰਗਾਂ ਦਾ ਪ੍ਰਬੰਧ ਕਰੇਗਾ। ਇਸ ਨਾਲ ਮੀਟਿੰਗ ਸਮਾਪਤ ਹੋ ਗਈ।

ਜਦੋਂ ਪ੍ਰਬੰਧਕ ਮੀਟਿੰਗ ਖਤਮ ਕਰਕੇ ਘਰਾਂ ਨੂੰ ਜਾ ਰਹੇ ਸਨ ਤਾਂ ਤਿੰਨ ਵਿਅਕਤੀ ਹਾਲ ਦੇ ਬਾਹਰ ਆ ਕੇ ਨਾਹਰੇ ਲਾਉਣ ਲੱਗੇ। ਪ੍ਰਬੰਧਕਾਂ ਨੇ ਉਨ੍ਹਾਂ ਨਾਲ ਗਲਬਾਤ ਕੀਤੀ ਅਤੇ ਉਨ੍ਹਾਂ ਨੂੰ ਦਸਿਆ ਕਿ "ਤੁਹਾਨੂੰ ਪੂਰਾ ਹੱਕ ਹੈ ਕਿ ਜੇ ਤੁਸੀਂ ਇਸ ਮੀਟਿੰਗ ਨਾਲ ਸਹਿਮਤ ਨਹੀਂ ਤਾਂ ਇਸਦਾ ਵਿਰੋਧ ਕਰਨ ਦਾ। ਪਰ ਜਿਹੜੇ ਲੋਕ ਤੁਹਾਡੇ ਵਿਚਾਰਾਂ ਨਾਲ ਸਹਿਮਤ ਨਹੀਂ ਉਨ੍ਹਾਂ ਨੂੰ ਵੀ ਇਸ ਦੇ ਵਿਰੁਧ ਬੋਲਣ ਦਾ ਲਿਖਣ ਦਾ ਪੂਰਾ ਹੱਕ ਹੈ। ਅਤੇ ਤੁਸੀਂ ਉਨ੍ਹਾਂ ਦੇ ਇਸ ਹੱਕ ਉਪਰ ਹਮਲੇ ਨਹੀਂ ਕਰ ਸਕਦੇ। ਕੋਈ ਵੀ ਡੈਮੋਕਰੈਟਿਕ ਇਨਸਾਨ ਇਨ੍ਹਾਂ ਹਮਲਿਆਂ ਨਾਲ ਸਹਿਮਤ ਨਹੀਂ ਹੋ ਸਕਦਾ। ਇਸ ਦੇ ਨਾਲ ਹੀ ਪ੍ਰਬੰਧਕਾਂ ਨੇ ਇਨ੍ਹਾਂ ਲੋਕਾਂ ਨੂੰ ਦੱਸਿਆ ਕਿ ਅਸੀਂ ਸਦਾ ਹੀ ਤੁਹਾਡੇ ਨਾਲ ਬਹਿ ਕੇ ਇਸ ਮਸਲੇ ਬਾਰੇ ਵਿਚਾਰ ਵਟਾਂਦਰਾ ਕਰਨ ਲਈ ਤਿਆਰ ਹਾਂ।"

— ਵਲੋਂ ਸਾਧੂ

# ਪੁਲੀਸ ਹਵਾਲਦਾਰ ਦੀ ਭਾਲ 'ਚ

ਮੋਰਿੰਡਾ, (ਨਿਜੀ ਪੱਤਰ ਪ੍ਰੇਰਕ)— ਜ਼ਿਲਾ ਰੋਪੜ ਦੀ ਪੁਲੀਸ ਇਥੇ ਰੋਪੜ ਪੁਲੀਸ ਲਾਈਨਜ਼ ਵਿਚ ਕੰਮ ਕਰਦੇ ਇਕ ਹਵਾਲਦਾਰ ਤਰਲੋਕ ਸਿੰਘ ਦੀ ਭਾਲ ਵਿਚ ਹੈ ਜਿਸ ਉਤੇ ਦਹਿਸ਼ਤਪ੍ਰਸਤਾਂ ਨੂੰ ਹਥਿਆਰ ਸਪਲਾਈ ਕਰਨ ਦਾ ਦੋਸ਼ ਹੈ।

# ਅਮਨ ਦੇ ਦੇਵਤਾ ਗੁਰੂ ਨਾਨਕ

■ ਸਵਰਨ ਸਿੰਘ 'ਸਨੇਹੀ' ਐਮ. ਏ.


ਗੁਰੂ ਨਾਨਕ ਆਗਮਨ ਦੇ ਸਮੇਂ ਨਾਲੋਂ ਅੱਜ ਪਤਾ ਨਹੀਂ ਅਮਨ ਸ਼ਬਦ ਦੀ ਵਰਤੋਂ ਕਿੰਨੇ ਗੁਣਾਂ ਵਧੇਰੀ ਹੁੰਦੀ ਹੋਵੇ। ਜਿਉਂ ਜਿਉਂ ਪਿਛਲੀਆਂ ਸਦੀਆਂ ਵਿੱਚ ਵਿਦਿਆ ਦੇ ਚਾਨਣ ਨਾਲ ਲੋਕਾਂ ਦੀ ਸੂਝ ਬੂਝ ਵਿੱਚ ਵਾਧਾ ਹੋਇਆ ਹੈ ਤਿਉਂ ਤਿਉਂ ਹੀ ਅਮਨ ਪ੍ਰਤੀ ਉਹਨਾਂ ਦੀ ਜਿਗਿਆਸਾ ਵੀ ਵਧੀ ਹੈ ਜੇ ਇੱਕ ਪਾਸੇ ਵਿਗਿਆਨ ਨੇ ਮਨੁੱਖ ਨੂੰ ਸੁੱਖ-ਸਾਧਨ ਪੈਦਾ ਕਰਕੇ ਦੇਣ ਵਿੱਚ ਕੋਈ ਕਸਰ ਬਾਕੀ ਨਹੀਂ ਰੱਖੀ ਤਾਂ ਦੂਜੇ ਪਾਸੇ ਮਨੁੱਖ ਦੀ ਤਬਾਹੀ ਨੂੰ ਵੀ ਹੋਰ ਘ੍ਰਿਣਾਤਮਕ ਬਣਾ ਕੇ ਨੇੜੇ ਲੈ ਆਂਦਾ ਹੈ। ਇਹ ਪ੍ਰਮਾਣੂ ਤੇ ਵਿਸਫੋਟਕ ਹਥਿਆਰ ਕਿਸੇ ਅਨਪੜ੍ਹ ਦਿਮਾਗ ਦੀ ਕਾਢ ਨਹੀਂ ਹਨ ਜਿੰਨ੍ਹਾਂ ਦੀ ਦੌੜ ਖਤਮ ਹੋਣੀ ਤਾਂ ਇੱਕ ਪਾਸੇ, ਇਸ ਨੂੰ ਮੱਠਿਆਂ ਕਰਨ ਸਬੰਧੀ ਵੀ ਫੈਸਲੇ ਨਹੀਂ ਹੋ ਰਹੇ। ਦੁਨੀਆਂ ਦੀਆਂ ਵੱਡੀਆਂ ਤਾਕਤਾਂ ਦਾ ਤਾਂ ਸਾਰਾ ਤਾਣ ਹੀ ਇਸ ਪਾਸੇ ਲੱਗ ਰਿਹਾ ਹੈ।

ਇਸ ਦਾ ਇਹ ਭਾਵ ਨਹੀਂ ਕਿ ਅੱਜ ਤੋਂ ਪੰਜ ਸਦੀਆਂ ਪਹਿਲਾਂ ਇਹ ਖਤਰਾ ਨਹੀਂ ਸੀ। ਜੰਗਾਂ-ਯੁੱਧਾਂ ਦੀ ਬੀਮਾਰੀ ਤਾਂ ਉਦੋਂ ਵੀ ਹੈ ਸੀ, ਪਰ ਫਰਕ ਕੇਵਲ ਇੰਨਾਂ ਕੁ ਸੀ ਕਿ ਉਦੋਂ ਲੋਕ ਡਾਂਗਾਂ-ਸੋਟਿਆਂ, ਤਲਵਾਰਾਂ ਬਰਛਿਆਂ ਨਾਲ ਲੜਦੇ ਸਨ; ਜਿਸ ਕਰਕੇ ਜਿੱਥੇ ਤੇ ਜਿੰਨ੍ਹਾਂ ਲੋਕਾਂ ਵਿੱਚ ਲੜਾਈ ਲੜੀ ਜਾਂਦੀ ਸੀ ਬਹੁਤਾ ਅਸਰ ਉਸ ਦਾ ਉਨ੍ਹਾਂ ਤੇ ਹੀ ਹੁੰਦਾ ਸੀ, ਦੂਜਿਆਂ ਦੀ ਨੀਂਦ ਘੱਟ ਹਰਾਮ ਹੁੰਦੀ ਸੀ ਪਰ ਹੁਣ ਤਾਂ ਦੁਨੀਆਂ ਦੇ ਇੱਕ ਸਿਰੇ ਤੋਂ ਲੱਗੀ ਹੋਈ ਲੜਾਈ ਦੂਜੇ ਸਿਰੇ ਤੇ ਵੱਸਦੇ ਲੋਕਾਂ ਲਈ ਵੀ ਚਿੰਤਾ ਦਾ ਕਾਰਨ ਬਣੀ ਰਹਿੰਦੀ ਹੈ।

ਨਿਰਸੰਦੇਹ ਗੁਰੂ ਨਾਨਕ ਦੇਵ ਜੀ ਦਾ ਮਨੋਰਥ ਲੋਕਾਂ ਵਿੱਚ ਧਾਰਮਿਕ ਭਾਵਨਾ ਜਗਾਉਣੀ, ਦੰਭ ਨੂੰ ਖਤਮ ਕਰਨਾ ਤੇ ਉਨ੍ਹਾਂ ਨੂੰ ਮਾਨਸਿਕ ਸੁੱਖ ਤੇ ਆਤਮਿਕ ਸ਼ਾਂਤੀ ਦਾ ਰਸਤਾ ਦਿਖਾਉਣਾ ਸੀ। ਗੁਰੂ ਜੀ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਦੇ ਸਨ ਕਿ ਜਿੰਨਾਂ ਚਿਰ ਮਨੁੱਖੀ ਮਨ ਵਿੱਚ ਭਟਕਣਾ ਹੈ ਉਨਾ ਚਿਰ ਇਹ ਅਮਨ ਵਿੱਚ, ਟਿਕ ਕੇ ਬਹਿਣ ਦੀ ਥਾਂ ਦੂਜਿਆਂ ਦੇ ਗਲ ਪੈ ਕੇ ਆਪਣੀ ਹਵਸ਼ ਪੂਰੀ ਕਰਦਾ ਰਹੇਗਾ ਤੇ ਇੱਥੋਂ ਹੀ ਲੜਾਈਆਂ ਦਾ ਮੁੱਢ ਬੱਝਦਾ ਹੈ। ਇਸ ਲਈ ਗੁਰੂ ਜੀ ਨੇ ਆਤਮਿਕ ਸੁੱਖ ਸ਼ਾਂਤੀ ਦੇਣ ਵਾਲੀ ਦਵਾਈ 'ਨਾਮ' ਖੁਲ੍ਹੇ ਹੱਥੀਂ ਵਰਤਾਈ, ਪਰ ਸਮਾਜਿਕ ਪੱਖੋਂ ਵੀ ਉਹ ਅਵੇਸਲੇ ਨਹੀਂ ਸਨ।

ਗੁਰੂ ਨਾਨਕ ਦਾ ਅਮਨ ਦੋ ਤਰ੍ਹਾਂ ਦਾ ਸੀ - ਆਤਮਿਕ ਅਰਥਾਤ ਅੰਤ੍ਰੀਵ ਤੇਸਮਾਜਕ, ਅਰਥਾਤ ਬਾਹਰ-ਮੁੱਖੀ। ਜੇ ਉਹ ਮਲਕ ਭਾਗੋ ਦੇ ਪੂੜਿਆਂ ਵਿੱਚੋਂ ਗਰੀਬਾਂ ਦੀ ਲੁੱਟ-ਖਸੁੱਟ ਦੇ ਖੂਨ ਨੂੰ ਪਛਾਣ ਕੇ ਉਸ ਤੇ ਦੁੱਖ ਅਨੁਭਵ ਕਰ ਸਕਦੇ ਸਨ ਤਾਂ ਉਹ ਇਹ ਕਿਵੇਂ ਦੇਖ ਸਕਦੇ ਸਨ ਕਿ ਲਹੂ ਮੁੜ੍ਹਕੇ ਦੀ ਕੀਤੀ ਹੋਈ ਪੰਜਾਬੀਆਂ ਤੇ ਭਾਰਤੀਆਂ ਦੀ ਕਮਾਈ ਕਿਸੇ ਲਾਲਚੀ ਜਰਵਾਣੇ ਤੇ ਹਮਲਾਵਰ ਦੇ ਭੰਡਾਰ ਭਰੇ? ਤੇ ਜੰਗਾਂ ਵਿੱਚ ਕੀ ਹੁੰਦਾ ਸੀ? ਇੱਕ ਦੂਜੀ ਧਿਰ ਦੇ ਬੰਦੇ ਮਾਰਨ ਪਿੱਛੋਂ ਜੇਤੂ ਹਮਲਾਵਰ ਉਥੋਂ ਲੁੱਟ-ਖਸੁੱਟ ਦਾ ਮਾਲ ਆਪਣੇ ਦੇਸ਼ ਨੂੰ ਨਾਲ ਚੁੱਕ ਲਿਜਾਂਦੇ ਸਨ। ਭਾਰਤ ਉਤੇ ਮਹਿਮੂਦ ਦੇ ਸਤਾਰਾਂ ਹਮਲਿਆਂ ਦਾ ਮੁੱਖ ਕਾਰਨ ਇਹੋ ਲੁੱਟ-ਖਸੁੱਟ ਹੀ ਤਾਂ ਸੀ।

ਗੁਰੂ ਨਾਨਕ ਦੇਵ ਜੀ ਦੇ ਸਮੇਂ ਲੜੀ ਗਈ ਇੱਕ ਮਹਾਨ ਜੰਗ ਸੀ - ਬਾਬਰ ਦਾ ਹਿੰਦ ਤੇ ਹਮਲਾ ਜਿਸ ਦਾ ਅਸਰ ਭਾਰਤ ਉਤੇ ਕਈ ਸਦੀਆਂ ਤੱਕ ਰਿਹਾ। ਗੁਰੂ ਨਾਨਕ ਨੇ ਇਸ ਹਮਲੇ ਦਾ ਡਟ ਕੇ ਵਿਰੋਧ ਕੀਤਾ। ਆਪਣੀ ਰਚਨਾ ਵਿੱਚ ਉਹਨਾਂ ਨੇ ਹਮਲਾਵਰਾਂ ਲਈ ਬੜੀ ਕਠੋਰ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ ਜਦ ਕਿ ਮਜ਼ਲੂਮਾਂ ਪ੍ਰਤੀ ਵਰਤੀ ਗਈ ਉਨ੍ਹਾਂ ਦੀ ਸ਼ਬਦਾਵਲੀ ਹਮਦਰਦੀ-ਪ੍ਰਗਟਾਊ ਹੈ। ਇਤਿਹਾਸਾਂ ਅਨੁਸਾਰ ਗੁਰੂ ਜੀ ਉਦੋਂ



ਸੈਦਪੁਰ ਸਨ ਤੇ ਬਾਕੀ ਲੋਕਾਂ ਦੇ ਨਾਲ ਉਨ੍ਹਾਂ ਨੂੰ ਵੀ ਕੁਛ ਚਿਰ ਬਾਬਰ ਦੀ ਜੇਲ੍ਹ ਦੀਆਂ ਚੱਕੀਆਂ ਪੀਹਣੀਆਂ ਪਈਆਂ ਸਨ। ਮੁਗਲ ਹਮਲਾਵਰਾਂ ਨੂੰ ਗੁਰੂ ਜੀ ਨੇ ਜਮਾਂ ਤੇ ਕੁਤਿਆਂ ਨਾਲ ਤੁਲਨਾਂ ਦਿੰਦਿਆਂ ਲਿਖਿਆ ਹੈ -

ਆਪੇ ਦੋਸੁ ਨ ਦੇਈ ਕਰਤਾ ਜਮ ਕਰਿ ਮੁਗਲੁ ਚੜਾਇਆ ॥ ਅਤੇ

ਰਤਨ ਵਿਗਾੜਿ ਵਿਗੋਏ ਕੁਤੀ ਮੁਇਆ ਸਾਰ ਨ ਕਾਈ।

ਕਿਸੇ ਵੀ ਵਧੀਆ ਲੇਖਕ ਤੇ ਕਵੀ ਦਾ ਵਿਸ਼ੇਸ਼ ਗੁਣ ਇਹੋ ਹੀ ਹੁੰਦਾ ਹੈ ਕਿ ਉਹ ਆਪਣੇ ਸਮੇਂ ਤੇ ਸਮਾਜ ਦੀ ਪ੍ਰਤੀਨਿਧਤਾ ਕਰਦਾ ਹੈ। ਮਹਾਨ ਕਵੀ ਹੋਣ ਦੇ ਨਾਤੇ, ਗੁਰੂ ਨਾਨਕ ਜੀ ਵੀ ਇਸ ਗੁਣ ਦੇ ਭਰਪੂਰ ਖਜ਼ਾਨੇ ਦੇ ਮਾਲਕ ਸਨ। ਬਾਬਰ ਦੇ ਹਮਲੇ ਨਾਲ ਜੋ ਦੁਰਦਸ਼ਾ ਭਾਰਤੀਆਂ ਦੀ ਹੋਈ ਉਸ ਦੀ ਦਿਲ ਟੁੰਬਵੀਂ ਦਰਦਨਾਕ ਤਸਵੀਰ ਗੁਰੂ ਨਾਨਕ ਨਾਲੋਂ ਵਧ ਸਹੀ ਰੂਪ ਵਿੱਚ ਹੋਰ ਕੌਣ ਪੇਸ਼ ਕਰਦਾ ਸੀ? ਉਹ ਫੁਰਮਾਉਂਦੇ ਹਨ:-

ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ ॥
ਸੇ ਸਿਰ ਕਾਤੀ ਮੁਨੀਅਨਿ ਗਲ ਵਿਚਿ ਆਵੈ ਧੂੜਿ ॥

ਅਰਥਾਤ ਜਿੰਨ੍ਹਾਂ ਸਿਰਾਂ ਵਿੱਚ ਕਦੇ ਸ਼ਿੰਗਾਰ ਦੇ ਰੂਪ ਵਿੱਚ ਸੰਧੂਰ ਲਾਇਆ ਜਾਂਦਾ ਸੀ ਉਹ ਕੇਸ ਹੁਣ ਕੈਂਚੀਆਂ ਨਾਲ ਕਟ ਦਿੱਤੇ ਗਏ ਹਨ। ਘੱਟਾ ਉਡ ਉਡ ਕੇ ਉਨ੍ਹਾਂ ਸਿਰਾਂ ਤੇ ਪੈ ਰਿਹਾ ਹੈ। ਜੋ ਔਰਤਾਂ ਕਦੇ ਮਹੱਲਾਂ ਵਿੱਚ ਵੱਸਦੀਆਂ ਸਨ ਤੇ ਜਿੰਨ੍ਹਾਂ ਦੇ ਉਠਣ ਬੈਠਣ ਤੇ ਵੀ ਰੁਪਇਆਂ ਦੀਆਂ ਨਜ਼ਰਾਂ ਭੇਂਟ ਹੁੰਦੀਆਂ ਸਨ ਉਨ੍ਹਾਂ ਔਰਤਾਂ ਨੂੰ ਜ਼ਾਲਮ ਹਮਲਾਵਰ, ਗਲਾਂ ਵਿੱਚ ਰੱਸੀਆਂ ਪਾ ਕੇ ਡੰਗਰਾਂ ਵਾਂਗ ਖਿਚੀ ਜਾਂਦੇ ਹਨ। ਇਸ ਦੁਰਦਸ਼ਾ ਵਿੱਚ ਹਿੰਦਵਾਣੀਆਂ ਜਾਂ ਮੁਸਲਮਾਨ-ਔਰਤਾਂ ਕਿਸੇ ਦਾ ਵੀ ਲਿਹਾਜ਼ ਨਹੀਂ ਕੀਤਾ ਗਿਆ। ਸਥਿਤੀ ਇੰਨੀ ਭੈੜੀ ਹੋ ਗਈ ਹੈ ਕਿ -

"ਬਾਬਰ ਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ।"

ਚਾਰੇ ਪਾਸੇ ਹਾਹਾਕਾਰ ਮੱਚ ਗਈ। ਬਾਬਰ ਦੀਆਂ ਫੌਜਾਂ ਵੱਲੋਂ ਕੀਤੀ ਗਈ ਕੱਟ-ਵੱਢ ਕਾਰਨ ਹਿੰਦੂਆਂ ਦੇ ਡੁਲ੍ਹੇ ਖੂਨ ਨਾਲ ਧਰਤੀ ਰੰਗੀ ਗਈ। ਏਸੇ ਲਈ ਤਾਂ ਗੁਰੂ ਜੀ ਨੇ ਏਮਨਾਬਾਦ ਦੀ ਤੁਲਨਾ ਮਾਸਪੁਰੀ ਅਰਥਾਤ ਲੋਥਾਂ ਦੀ ਨਗਰੀ ਨਾਲ ਕਰਦਿਆਂ ਆਪਣੀ ਰਚਨਾ ਨੂੰ, ਜੋ ਉੱਥੇ ਬੈਠ ਕੇ ਉਚਾਰੀ ਗਈ, ਖੂਨ ਦੇ ਸੋਹਿਲੇ ਆਖਿਆ ਹੈ -

ਖੂਨ ਕੇ ਸੋਹਿਲੇ ਗਾਵੀਅਹਿ ਨਾਨਕ
ਰਤੁ ਕਾ ਕੁੰਗੂ ਪਾਇ ਵੇ ਲਾਲੋ ॥
ਅਤੇ ਸਾਹਿਬ ਕੇ ਗੁਣ ਨਾਨਕੁ ਗਾਵੈ,
ਮਾਸਪੁਰੀ ਵਿਚਿ ਆਖੁ ਮਸੋਲਾ ॥

ਇਸ ਸਾਰੀ ਦੁੱਖਦਾਈ ਸਥਿਤੀ ਤੋਂ ਦੁੱਖੀ ਹੋਏ ਮਨ ਨਾਲ ਗੁਰੂ ਜੀ ਨੇ ਇਹ ਦੁਖਾਂਤ ਪੈਦਾ ਕਰਨ ਬਦਲੇ ਪ੍ਰਮਾਤਮਾ ਨੂੰ ਵੀ ਉਲਾਹਮਾ ਦਿੱਤਾ। ਉਹਨਾਂ ਨੇ ਹਿੰਦੂ ਮਜ਼ਲੂਮਾਂ ਨੂੰ ਗਊ ਤੇ ਹਮਲਾਵਰ ਜਰਵਾਣਿਆਂ ਨੂੰ ਸ਼ੇਰ ਮਿਥ ਕੇ ਅਕਾਲ ਪੁਰਖ ਨੂੰ ਸੰਬੋਧਨ ਕੀਤਾ ਕਿ "ਜੇ ਕੋਈ ਸ਼ਕਤੀਸ਼ਾਲੀ ਆਦਮੀ ਕਿਸੇ ਜਰਵਾਣੇ ਨਾਲ ਮੱਥਾ ਲਾਵੇ ਤਾਂ ਕਿਸੇ ਦੇ ਮਨ ਵਿੱਚ ਕੋਈ ਰੋਸ ਨਹੀਂ ਹੁੰਦਾ, ਪਰ ਜੇ ਜਰਵਾਣਾ ਸ਼ੇਰ ਵਿਚਾਰੀਆਂ ਗਊਆਂ ਦੇ ਵਗ ਤੇ ਹੱਲਾ ਬੋਲ ਦੇਵੇ ਤਾਂ ਮਾਲਕ ਕੋਲੋਂ ਪੁੱਛਗਿੱਛ ਜ਼ਰੂਰ ਹੁੰਦੀ ਹੈ। ਫਿਰ ਏਮਨਾਬਾਦ ਵਿੱਚ ਤਾਂ ਹਮਲਾਵਰ ਕੁਤਿਆਂ ਨੇ ਲਾਲਾਂ, ਰਤਨਾਂ ਵਰਗੇ ਹਿੰਦੀਆਂ ਨੂੰ ਘੱਟੇ ਕੌਡੀਆਂ ਰੋਲ ਦਿੱਤਾ ਹੈ।"

ਏਤੀ ਮਾਰ ਪਈ ਕੁਰਲਾਣੈ,
ਤੈ ਕੀ ਦਰਦੁ ਨ ਆਇਆ ॥

ਇਉਂ ਗੁਰੂ ਜੀ ਨੇ ਮਜ਼ਲੂਮਾਂ ਦੇ ਹੱਕ ਵਿੱਚ ਮਾਰੀ ਆਹ ਧੁਰ ਦਰਗਾਹ ਵਿੱਚ ਪਹੁੰਚਾਈ ਤੇ ਦੁਖੀਆਂ ਨਾਲ ਹਮਦਰਦੀ ਪ੍ਰਗਟ ਕੀਤੀ।

ਸੰਸਾਰ ਅਮਨ ਦੇ ਖਤਰਿਆਂ ਵਿੱਚ ਘਿਰਿਆ ਦੇਖ ਕੇ ਅੱਜ ਦੇ ਦਿਨ ਦੀ ਮਹੱਤਤਾ ਹੋਰ ਵੀ ਵਧ ਜਾਂਦੀ ਹੈ। ਅੱਜ ਜਿਸ ਤਰ੍ਹਾਂ ਦੁਨੀਆਂ ਵਿੱਚ ਕਈ ਥਾਈਂ ਖੂਨ ਖਰਾਬਾ ਹੋ ਰਿਹਾ ਹੈ ਤੇ ਜੰਗ ਦੇ ਬੱਦਲ ਮੰਡਲਾ ਰਹੇ ਹਨ ਉਸ ਨਾਲ ਵਿਗਿਆਨਕ ਖੇਤਰ ਵਿੱਚ ਉਨਤ ਹੋ ਰਹੇ ਵਿਸ਼ਵ ਭਾਈਚਾਰੇ ਦੀ ਸਲਾਮਤੀ ਹੋਰ ਵੀ ਖਤਰੇ ਵਿੱਚ ਪੈ ਰਹੀ ਹੈ। ਸਾਰੇ ਬੁੱਧੀਮਾਨ ਤੇ ਅਮਨ ਪ੍ਰਲਾਟੀਏ ਲੋਕ ਇਸ ਸਥਿਤੀ ਤੋਂ ਚਿੰਤਾਤੁਰ ਹਨ। ਇਸ ਸੰਬੰਧ ਵਿੱਚ ਜੇ ਗੁਰੂ ਨਾਨਕ ਦੇ ਉਪਦੇਸ਼ਾਂ ਨੂੰ ਸਹੀ ਅਰਥਾਂ ਵਿੱਚ ਅਮਲੀ ਜਾਮਾ ਪਹਿਨਾਇਆ ਜਾ ਸਕੇ ਤਦ ਨਿਰਸੰਦੇਹ ਅਸੀਂ ਆਪ ਸਹੇੜੀ ਇਸ ਸਮੱਸਿਆ ਵਿੱਚੋਂ ਬਚ ਕੇ ਨਿਕਲ ਸਕਦੇ ਹਾਂ, ਨਹੀਂ ਤਾਂ ਹੋਰ ਕੋਈ ਰਸਤਾ ਨਜ਼ਰ ਨਹੀਂ ਆਉਂਦਾ। ਗੁਰੂ ਨਾਨਕ ਜੀ ਨੇ ਹਮਲਾਵਰ ਨੂੰ ਜਿਸ ਦੁੱਖੀ ਹਿਰਦੇ ਨਾਲ ਕੋਸਿਆ ਤੇ ਮਜ਼ਲੂਮਾਂ ਪ੍ਰਤੀ ਜਿੰਨੀ ਹਮਦਰਦੀ ਪ੍ਰਗਟਾਈ, ਉਹ ਸਾਡੇ ਲਈ ਮਾਰਗ ਦਰਸ਼ਨ ਦਾ ਕੰਮ ਕਰਦੀ ਹੈ। ਉਨ੍ਹਾਂ ਵੱਲੋਂ ਆਪ ਬਾਬਰ ਦੀ ਜੇਲ੍ਹ ਵਿੱਚ ਕੈਦੀ ਬਣ ਕੇ ਉਸ ਨੂੰ ਸਹੀ ਤਰੀਕੇ ਨਾਲ ਜੰਗ ਦੇ ਸਿੱਟੇ ਸਮਝਾਉਣੇ ਇੱਕ ਅਰਥ ਭਰਪੂਰ ਅਮਲ ਸੀ।

ਸਾਨੂੰ ਅੱਜ ਦੀ ਸਥਿਤੀ ਵਿੱਚ ਗੁਰੂ ਜੀ ਦੇ ਉਪਦੇਸ਼ਾਂ ਤੇ ਅਮਲ ਕਰਕੇ ਵਿਸ਼ਵ ਦੀ ਵਿਸਫੋਟਕ ਸਥਿਤੀ ਨੂੰ ਸੰਭਾਲਣਾ ਚਾਹੀਦ ਹੈ।

## ਹਿੰਦ-ਪਾਕਿ 'ਚ ਗੋਲਾਬਾਰੀ ਜਾਰੀ

ਜੰਮੂ — ਜੰਮੂ ਤੇ ਕਸ਼ਮੀਰ ਵਿਚ ਪੁਣਛ ਦੇ ਚਾਗਾ ਸੈਕਟਰ 'ਚ ਭਾਰਤੀ ਸੁਰਖਿਆ ਫੌਜਾਂ ਅਤੇ ਪਾਕਿਸਤਾਨੀ ਫੌਜਾਂ ਦਰਮਿਆਨ ਗੋਲਾਬਾਰੀ ਹੋਈ। ਦਸਿਆ ਗਿਆ ਹੈ ਕਿ ਪਹਿਲਾਂ ਬਿਨਾਂ ਕਿਸੇ ਭੜਕਾਹਟ ਦੇ ਪਾਕਿਸਤਾਨ ਦੇ ਫੌਜੀਆਂ ਨੇ ਗੋਲੀ ਚਲਾਈ। ਇਸ ਸੈਕਟਰ ਵਿਚ 17 ਅਕਤੂਬਰ ਨੂੰ ਗੋਲੀ ਚਲਣੀ ਸ਼ੁਰੂ ਹੋਈ ਸੀ ਜੋ ਥੋੜ੍ਹੇ ਸਮੇਂ ਲਈ ਬੰਦ ਹੋ ਗਈ ਸੀ।

ਪੀ. ਟੀ. ਆਈ. ਅਨੁਸਾਰ ਪਾਕਿਸਤਾਨੀ ਫੌਜੀ ਅਧਿਕਾਰੀਆਂ ਨੇ ਸਰਹੱਦ ਦੇ ਨਾਲ ਨਾਲ ਲਗਦੇ ਸਿਵਲੀਅਨ ਲੋਕਾਂ ਤੋਂ ਇਲਾਕੇ ਖਾਲੀ ਕਰਵਾਉਣੇ ਸ਼ੁਰੂ ਕਰ ਦਿਤੇ ਹਨ ਕਿਉਂਕਿ ਦੋਹਾਂ ਦੇਸ਼ਾਂ ਦਰਮਿਆਨ ਖਾਰੀ ਇਲਾਕੇ ਵਿਚ ਭਾਰੀ ਗੋਲਾਬਾਰੀ ਚਲ ਰਹੀ ਹੈ। ਗੋਲਾਬਾਰੀ ਦੌਰਾਨ ਕੋਈ ਜਾਨੀ ਨੁਕਸਾਨ ਨਹੀਂ ਹੋਇਆ।

## ਨੂਰੀ ਦਰਸ਼ਨ

ਇਕਓਂਕਾਰ ਪੁਕਾਰਨ ਵਾਲਾ।
ਜੜ੍ਹ ਦੂਈ ਦੀ ਮਾਰਨ ਵਾਲਾ।
ਢੱਠੇ ਧਰਮ ਉਸਾਰਨ ਵਾਲਾ।
ਰੁੜ੍ਹਦੇ ਬੇੜੇ ਤਾਰਨ ਵਾਲਾ।
ਜਗ ਦਾ ਜਿਸ ਅੰਧੇਰ ਮਿਟਾਇਆ।
ਅਰਸ਼ਾਂ ਤੀਕਰ ਨੂਰ ਖਿੰਡਾਇਆ।

(ਫੀਰੋਜ਼ਦੀਨ ਸ਼ਰਫ਼)

'ਕੈਨੇਡਾ ਦਰਪਣ' ਦਾ ਇਕ ਪਾਠਕ ਹੋਰ ਬਣਾਓ।

# ਸਾ ਹਿ ਤ ਦ ਰ ਪ ਣ

## ਕਹਾਣੀ: ਮਰਜ਼ੀ ਦੇ ਮਾਲਕ

□ ਅਮਰਜੀਤ ਚਾਹਲ

ਸਰੀਰ ਜਿਵੇਂ ਗੁੱਝੀਆਂ ਸੱਟਾਂ ਦਾ ਭੰਨਿਆ ਹੋਇਆ ਸੀ। ਉਸ ਨੇ ਲੰਮੇਂ ਪਿਆ ਪਲਸੇਟਾ ਲਿਆ। ਉਠਣ ਨੂੰ ਜੀਅ ਨਹੀਂ ਕਰ ਰਿਹਾ ਸੀ। ਲੱਤਾਂ, ਬਾਹਾਂ, ਹਿੱਕ, ਸਿਰ ਅਤੇ ਪਤਾ ਨਹੀਂ ਕੀ ਕੀ ਹੋਰ ਦੁੱਖ ਰਿਹਾ ਸੀ। ਥਕਾਵਟ ਦੀ ਮਾਰ ਨੇ ਸਰੀਰ ਮਿੱਟੀ ਜਿਹਾ ਕਰ ਦਿੱਤਾ ਸੀ। ਭਜਨ ਨੇ ਅੱਖਾਂ ਖੋਲ੍ਹੀਆਂ ਤਾਂ ਉਨ੍ਹਾਂ ਵਿੱਚ ਅਜੇ ਵੀ ਨੀਂਦ ਦਾ ਰੇਤਾ ਰੜਕ ਰਿਹਾ ਸੀ। ਉਸ ਦਾ ਦਿਲ ਕੀਤਾ, ਅੱਖਾਂ ਬੰਦ ਕਰਕੇ ਫਿਰ ਸੌਂ ਜਾਏ।

"ਹਾਏ ਨੀ ਮਾਂ .....!" ਉਸ ਨੇ ਲੰਮੇ ਪਿਆ ਹੀ ਅੰਗੜਾਈ ਲਈ, ਉਬਾਸੀ ਲਈ ਅਤੇ ਪਾਸਾ ਵੱਟ ਕੇ ਕੰਧ ਵੱਲ ਨੂੰ ਮੂੰਹ ਕਰ ਲਿਆ।

'ਕੱਲ ਕਿੰਨੇ ਬਣੇ ਸਨ?' ਉਸ ਨੇ ਹਿਸਾਬ ਲਾਇਆ। ਕੁੱਲ ਕਰ-ਕਰਾਕੇ ਸੱਤਰ ਕੁ ਪੱਲੇ ਪਏ ਸਨ। ਉਹ ਵੀ ਇੱਕ ਟਰਿੱਪ ਲੰਮਾ ਮਿਲ ਗਿਆ ਸੀ ਵੈਸਟ ਇੰਡ ਦਾ। ਇਹੋ ਜਿਹੇ ਲੰਮੇ ਟਰਿੱਪ ਮਿਲਣ ਫੇਰ ਸਾਡੀ ਖੁੱਤੀ ਪੈਂਦੀ ਹੈ। ਭਜਨ ਖ਼ੁਸ਼ ਹੋ ਗਿਆ। ਉਸ ਨੇ ਰਜਾਈ ਪਾਸੇ ਵਗਾਹ ਮਾਰੀ ਤੇ ਕਾਹਲ ਨਾਲ ਉਠਿਆ ਜਿਵੇਂ ਟਾਈਮ ਪੀਸ ਦੀ ਕੱਲੀ ਕੱਲੀ ਟਿੱਕਟਿੱਕ ਉਸ ਦੇ ਇੱਕ ਇੱਕ ਡਾਲਰ ਦੀ ਸੀ। ਹੁਣ ਤੱਕ ਉਸ ਨੇ ਰਜਾਈ ਵਿੱਚ ਪਏ ਨੇ ਚਾਲ੍ਹੀ ਮਿੰਟ ਨਹੀਂ ਸਗੋਂ ਚਾਲ੍ਹੀ ਡਾਲਰ ਰਾਖ ਕਰ ਲਏ ਸਨ। ਪੌਨ ਛੇ ਵਿੱਚ ਉਸ ਦਾ ਘਰ ਸੀ। ਸਵਾ ਛੇ, ਸਾਢੇ ਛੇ ਪੌਨ ਚਾਰ 'ਚੋਂ ਇੱਕ ਟਰਿੱਪ ਨਿਕਲਦਾ ਹੁੰਦਾ ਹੈ। ਹੁਣ ਪੰਜ ਵੀਹ ਹੋ ਗਏ ਸਨ। ਉਹ ਬੁਰਸ਼ ਕਰਨ ਵਾਸ਼ਰੂਮ ਵਿੱਚ ਵੜ੍ਹ ਗਿਆ। ਬਾਹਰ ਆਇਆ ਤਾਂ ਮਿੰਦੋ ਅਜੇ ਵੀ ਸੁੱਤੀ ਪਈ ਸੀ।

ਰਾਤ! ਰਾਤ ਭਜਨ ਦਾ ਸਿਰ ਪੀੜ ਕਰ ਰਿਹਾ ਸੀ। ਥਕਾਵਟ ਨਾਲ ਅੱਖਾਂ ਕੌੜੀਆਂ ਜਿਹੀਆਂ ਹੋਈਆਂ ਪਈਆਂ ਸਨ ਅਤੇ ਸਿਰ ਦੇ ਦਰਦ ਕਾਰਨ ਕੰਨਾਂ ਵਿੱਚੋਂ ਵੀ ਸੇਕ ਨਿਕਲਦਾ ਸੀ। ਅਖੀਰਲਾ ਟਰਿੱਪ ਲਾਹ ਕੇ ਘਰ ਆਉਂਦੇ ਨੂੰ ਗਿਆਰਾਂ ਵੱਜ ਗਏ ਸਨ। ਨਿਆਣੇ ਸੌਂ ਚੁੱਕੇ ਸੀ ਅਤੇ ਮਿੰਦੋ ਵੀ। ਉਸ ਨੇ ਬਾਹਰਲਾ ਦਰ ਖੋਹਲ ਕੇ ਅੰਦਰ ਪੈਰ ਰੱਖਿਆ ਹੀ ਸੀ ਕਿ ਅੱਖਾਂ ਮੱਲਦੀ ਹੋਈ ਮਿੰਦੋ ਉਸ ਦੇ ਸਾਹਮਣੇ ਆ ਖੜੀ ਹੋਈ।

"ਆ ਗਏ!" ਮਿੰਦੋ ਨੇ ਉਸ ਦਾ ਘਰ ਆਏ ਦਾ ਸੁਆਗਤ ਕੀਤਾ।

"ਰੋਟੀ ਬਣਾ, ਦਬਾ-ਝੱਟ।" ਭਜਨ ਕਮੀਜ਼ ਦੇ ਬਟਨ ਖੋਲ੍ਹਦਾ ਹੋਇਆ ਉਸ ਦੇ ਕੋਲ ਦੀ ਰਸੋਈ ਵਿੱਚ ਵੜ ਗਿਆ। ਖੁਲ੍ਹੇ ਬਟਨਾਂ ਵਾਲੀ ਕਮੀਜ਼ ਉਸ ਦੇ ਮੋਢਿਆਂ ਉਪਰ ਲਮਕ ਰਹੀ ਸੀ। ਉਸ ਨੇ ਬੋਤਲ ਕੱਢੀ ਅਤੇ ਇੱਕ ਗਲਾਸ ਲਿਆ ਭਾਂਡਿਆਂ ਵਾਲੀ ਟੋਕਰੀ 'ਚੋਂ।

ਸੁਸਤ ਸਰੀਰ ਅਤੇ ਹਿਰਾਸੇ ਜਿਹੇ ਮਨ ਨਾਲ ਮਿੰਦੋ ਨੇ ਉਸ ਵੱਲ ਦੇਖਿਆ।

ਭਜਨ ਸ਼ਰਾਬ ਦੇ ਗਿਲਾਸ ਵਿੱਚ ਟੂਟੀ ਤੋਂ ਠੰਢਾ ਪਾਣੀ ਪਾ ਰਿਹਾ ਸੀ। ਉਹ ਇੱਕ ਪਲ ਚੁੱਪ ਕੀਤੀ, ਉਸ ਨੂੰ ਦੇਖਦੀ ਰਹੀ ਜਿਵੇਂ ਉਸ ਦੀ ਮਰਜ਼ ਨੂੰ ਸਮਝਣ ਦੀ ਕੋਸ਼ਿਸ਼ ਕਰ ਰਹੀ ਹੋਵੇ। ਫਿਰ ਹੌਂਸਲਾ ਕਰਕੇ ਬੋਲੀ, "ਜੇ ਅੱਜ ਨਾ ਪੀਓਂ।"

"ਕਿਉਂ? ਅੱਜ ਕੀ ਗੱਲ ਹੈ?" ਭਜਨ ਨੇ ਅੱਧੀ ਗਲਾਸੀ ਅੰਦਰ ਸਿੱਟ ਕੇ ਪੁੱਛਿਆ। "ਹੁਣ ਤੁਸੀਂ ਹਰੋਜ਼ ਈ ਪੀਣ ਲੱਗ ਪਏ ਹੋ।"

"ਕੀ ਕਰਾਂ ---ਉਂਝ ਐਨ ਘੂਕ ਨੀਂਦ ਹੀ ਨਹੀਂ ਆਉਂਦੀ। ਕੰਨਾਂ ਵਿੱਚ ਇੰਝ ਲੱਗਦਾ ਰਹਿੰਦਾ ਜਿਵੇਂ ਸੁੱਤੇ ਪਏ ਦੀ ਵੀ ਮੋਟਰਾਂ ਦੀ ਘੁਰ ਘੁਰ ਦੀ ਗੂੰਝ ਆਈ ਜਾਂਦੀ ਹੈ। ਸਿਰ ਤਾਂ ਜਿਵੇਂ ਸਿਰ ਵਾਲੀ ਥਾਂ ਹੀ ਨਹੀਂ ਰਿਹਾ ਹੁੰਦਾ।" ਉਹ ਸ਼ਰਾਬ ਪੀਂਦਾ ਹੋਇਆ ਅੱਜ ਦੀ ਸ਼ੀਟ ਦਾ ਹਿਸਾਬ ਕਰਨ ਲੱਗ ਪਿਆ। ਲੇਖਾ ਕਰ ਚੁੱਕਣ ਬਾਅਦ ਉਸ ਨੇ ਇੱਕ 'ਡਰਿੰਕ' ਹੋਰ ਪਾਈ।

"ਦਾਲ ਨੂੰ ਚੰਗਾ ਕਰਾਰਾ ਜਿਹਾ ਤੜਕਾ ਲਾਵੀਂ - ਐਵੇਂ ਨਾ ਬਿਮਾਰਾਂ ਦੇ ਖਾਣ ਵਰਗੀ ਫਿਕਲੀ ਜਿਹੀ ਲਿਆ ਕੇ ਮੂਹਰੇ ਰੱਖ ਦੇਵੀਂ। ਮੈਂ ਪਿੰਡੇ ਤੇ ਪਾਣੀ ਪਾ ਲਵਾਂ।' ਉਹ ਸ਼ਰਾਬ ਵਾਲਾ ਗਲਾਸ ਹੱਥ ਵਿੱਚ ਫੜੀ ਵਾਸ਼ਰੂਮ ਵਿੱਚ ਨਹਾਉਣ ਵੜ੍ਹ ਗਿਆ।

ਉਸ ਰੋਟੀ ਖਾਣ ਲੱਗੇ ਨੇ ਇੱਕ ਹੋਰ ਹਾੜਾ ਪਾਇਆ। "ਕੱਲ ਨੂੰ ਇੱਕ ਬੋਤਲ ਇਹਦੇ ਨਾਲ ਦੀ ਫੜ ਲਿਆਵੀਂ।" ਭਜਨ ਨੇ ਖਾਲੀ ਬੋਤਲ ਮਿੰਦੋ ਨੂੰ ਫੜਾਉਂਦੇ ਹੋਏ ਕਿਹਾ, "ਆਹ ਤਾਂ ਮੁੱਕ ਗਈ।"

"ਕੀ.....ਈ......ਈ...।" ਮਿੰਦੋ ਤਵੇ ਉਪਰ ਰੋਟੀ ਪਾਉਂਦੀ ਪਾਉਂਦੀ ਰੁਕ ਗਈ। "ਗੰਢਾ ਨਹੀਂ ਚੀਰਿਆ, ਤੈਨੂੰ ਕਿੰਨੀ ਵਾਰ ਕਿਹਾ ਗੰਢਾ ਜ਼ਰੂਰ ਚੀਰਿਆ ਕਰ ਰੋਟੀ ਨਾਲ .....।"

"ਪਹਿਲਾਂ ਕੀ ਕਿਹਾ ਸੀ? ਪਹਿਲਾਂ ਉਹ ਦੱਸੋ?" ਉਸ ਨੂੰ ਭਜਨ ਤੇ ਆਇਆ ਹਿਰਖ ਭੁੱਲ ਗਿਆ ਸੀ ਅਤੇ ਉਸ 'ਚ ਨਜ਼ਾਕਤ ਆ ਗਈ ਸੀ। "ਗੰਢਾ ਨਹੀਂ ਤੁਹਾਨੂੰ ਦੇਣਾ। ਆਪਣੇ ਘਰ ਸਿਰਕਾ ਨਹੀਂ ਹੈ, ਨਾਲੇ ਸ਼ਰਾਬ ਤੇ ਗੰਢੇ ਦੇ ਮੁਸ਼ਕ ਨਾਲ ਮੇਰਾ ਸਿਰ ਫੜਿਆ ਜਾਂਦਾ ਹੈ।"

"ਸਾਲੀ ਕੁੱਤਿਆਂ ਦੀ, ਗੱਲਾਂ ਦੇਖ ਕੀ ਕਰਦੀ ਹੈ? ਇਹ ਨੂੰ ਮੁਸ਼ਕ ਆਉਂਦਾ ਵੱਡੀ ਮੇਮ ਨੂੰ।" ਉਸ ਨੇ ਬੁਰਕੀ ਮੂੰਹ ਵਿੱਚ ਪਾਈ। ਮਿੰਦੋ ਉਸ ਕੋਲੋਂ ਗੰਢਾ ਚੀਰਨ ਲਈ ਉਠ ਖੜੀ।

"ਜਦ ਦੇਖੋ ਗਾਲ੍ਹਾਂ ਤੇ ਜ਼ੋਰ .....ਬੰਦਿਆਂ ਵਾਂਗ ਤਾਂ ਗੱਲ ਹੀ ਨਹੀਂ ਕਰਨੀ ਆਉਂਦੀ ਇੰਨ੍ਹਾਂ ਨੂੰ। ਤੇ ਉਹ ਗੰਢਾ ਚੀਰਨ ਲੱਗ ਪਈ। ਗੰਢਾ ਭਜਨ ਅੱਗੇ ਰੱਖਦੀ ਨੇ ਉਸ ਨਹੋਰੇ ਜਿਹੇ ਨਾਲ ਕਿਹਾ, "ਆਹ ਲਓ! ....ਸ਼ਰਾਬ ਸ਼ਰੂਬ ਲੈਣ ਮੈਂ ਨਹੀਂ ਜਾਣਾ। ਮੂਲੋਂ ਸ਼ਰਮ ਲਾਹ ਦਿੰਦੇਆ ਗੱਲ ਕਰਨ ਲੱਗੇ ਵੀ।"

"ਕਿਉਂ, ਤੋਂ ਕਿਉਂ ਨਹੀਂ ਜਾਣਾ? ਤੇਰੇ ਪੈਰਾਂ ਨੂੰ ਮਹਿੰਦੀ ਲੱਗੀ ਐ? ਸੂਟਾਂ-ਸਾੜ੍ਹੀਆਂ ਦੀ ਸੇਲ ਲੱਗੀ ਹੋਵੇ ਫੇਰ ਤਾਂ ਅੱਗਾ ਪਿੱਛਾ ਨਹੀਂ ਦੇਖਦੀਆਂ।"

"ਕਿਸੇ ਨੇ ਦੇਖ ਲਿਆ ਤਾਂ ਅਗਲੇ ਨੇ ਸੌ ਸੌ ਗੱਲਾਂ ਬਣਾਉਣੀਆਂ। ਤੇ ਤੇਰੇ ਅਰਗੇ ਨੇ ਫੇਰ ਮੇਰੇ ਹੱਡ ਭੰਨਣੇ ਹਨ। ਇਹਦੇ ਨਾਲੋਂ ਚੰਗਾ ਤੁਸੀਂ ਆਪ ਹੀ ਲੈ ਆਇਓ। ਤੇ ਨਾ ਮੁੜ ਕੇ ਮੈਨੂੰ ਕਹਿਉ ਈ।" "ਚੰਗਾ ਨਾ ਲਿਆਵੀਂ - ਮੈਂ ਆਪੇ ਲੇ ਆਊਂ।"

ਉਹ ਹੱਥ ਧੋ, ਕੁਰਲੀ ਕਰ ਬਿਸਤੇ ਵਿੱਚ ਜਾ ਪਿਆ ਸੀ। ਮਿੰਦੋ ਜੂਠੇ ਭਾਂਡੇ ਤੇ ਫਰਾਈ ਪੈਨ ਬੇਸਣ ਵਿੱਚ ਰੱਖ (ਸਵੇਰ ਨੂੰ ਧੋਣ ਲਈ) ਜਦ ਉਸ ਨਾਲ ਆ ਕੇ ਪਈ ਤਾਂ ਨੀਂਦ ਨਾਲ ਭਜਨ ਦੀਆਂ ਅੱਖਾਂ ਮੱਲੋ-ਮੱਲੀ ਮਿਚ ਰਹੀਆਂ ਸਨ।

"ਨੀਂਦ ਆਉਂਦੀ ਹੈ?" ਮਿੰਦੋ ਨੇ ਪੁੱਛਿਆ, "....ਤੁਹਾਨੂੰ ਕਿਹਾ ਸੀ ਵੇਲੇ ਨਾਲ ਆ ਜਾਇਓ।" "ਹੁਣ ਨਾ ਬਲਾ, ਕੱਲ ਨੂੰ ਸਈ ਸਵੇਰੇ ਗੱਲਾਂ ਕਰਾਂਗੇ।"

ਤੇ ਉਸ ਨੂੰ ਨਹੀਂ ਪਤਾ ਕਦੋਂ ਮਿੰਦੋ ਉਸ ਨਾਲੋਂ ਉਠ ਕੇ ਹੈਰੀ ਨਾਲ ਜਾ ਪਈ ਸੀ। ਸਵੇਰੇ ਜਦ ਉਸ ਦੀ ਅੱਖ ਖੁਲ੍ਹੀ ਤਾਂ ਧਿਆ ਲੱਗੀ ਹੋਈ ਸੀ। ਉਸ ਨੇ ਘੜੀ ਦੇਖੀ ਤਾਂ ਉਠਣ ਦਾ ਹੀ ਟਾਈਮ ਸੀ। ਉਸ ਨੇ ਖੱਸੜ ਜਿਹੀ ਜੀਨ ਦੀ ਪੈਂਟ, ਪਸੀਨੇ ਨਾਲ ਗਿੱਚ-ਗਿੱਚੀ ਹੋਈ ਬੁਨੈਣ ਅਤੇ ਕੱਲ ਤਾਂ ਉਤਾਰ ਕਮੀਜ਼ ਫੇਰ ਫਸਾ ਲਈਆਂ ਅਤੇ ਮਿੰਦੋ ਨੂੰ ਜਗਾ ਦਿੱਤਾ।

"ਦਬਾ-ਝੱਟ ਚਾਹ ਬਣਾ ਦੇ - ਤੇ ਨਾਲ ਕੁੱਝ ਖਾਣ ਨੂੰ। ਮੈਨੂੰ ਕੁਵੇਲਾ ਹੋ ਰਿਹਾ।" ਮਿੰਦੋ ਦਾ ਉਤਰ ਉਡੀਕੇ ਬਗੈਰ ਹੀ ਉਹ ਆਪਣੀ ਟੈਕਸੀ ਦਾ ਨੰਬਰ ਜ਼ੋਨ ਚਾਰ ਵਿੱਚ ਬੁੱਕ ਕਰਾ ਆਇਆ। 'ਡਿਸਪੇਚਰ' ਨੇ ਉਸ ਨੂੰ ਦੱਸਿਆ ਕਿ ਤੇਰਾ ਨੰਬਰ ਦੋ ਹੈ।

ਉਸ ਨੇ ਨੰਬਰ ਇੱਕ ਨੂੰ ਮਨ ਵਿੱਚ ਗਾਲ੍ਹ ਕੱਢੀ, "ਇਹ ਭੈਣ ਦਾ ਯਾਰ ਨਾ ਕਿਤੇ ਤੀਹ ਡਾਲਰ ਦਾ ਟਰਿੱਪ ਲੈ ਜਾਏ। ਫੇਰ ਤਾਂ ਵੇਲੇ ਨਾਲ ਉਠਿਆ ਵੀ ਐਵੇਂ ਹੀ ਗਿਆ, ਸਮਝੋ। ਉਸ ਨੂੰ ਮਿੰਦੋ ਤੇ ਖਿਝ ਆਈ, ਕਿਤੇ ਅਜੇ ਵੀ ਸੁੱਤੀ ਹੀ ਨਾ ਪਈ ਹੋਵੇ।

ਉਹ ਅੰਦਰ ਆਇਆ ਤਾਂ ਚਾਹ ਬਣ ਰਹੀ ਸੀ। ਹੈਰੀ ਮਿੰਦੋ ਦੀ ਲੱਤ ਨੂੰ ਫੜੀ ਖੜ੍ਹਾ ਸੀ। ਸੁੱਜੇ ਜਿਹੇ ਮੂੰਹ ਨਾਲ ਖੜ੍ਹੀ ਮਿੰਦੋ ਨੇ ਭਜਨ ਨਾਲ ਅੱਖ ਨਹੀਂ ਮਿਲਾਈ। ਉਸ ਨੇ ਕੋਈ ਚੀਜ਼ ਚੁੱਕਣ ਲਈ ਪੈਰ ਪੁੱਟਿਆ ਤਾਂ ਲੱਤ ਨਾਲ ਖੜ੍ਹਾ ਹੈਰੀ ਡਿੱਗ ਪਿਆ ਅਤੇ ਰੋਣ ਲੱਗਾ। ਉਹ ਹੋਰ ਵੀ ਖਿਝ ਗਈ।

ਤੈਥੋਂ ਹੋਰ ਘੜੀ ਭਰ ਸੌਂ ਨਹੀਂ ਸੀ ਹੁੰਦਾ?" ਉਸ ਨੇ ਰੋਂਦੇ ਮੁੰਡੇ ਨੂੰ ਬਾਹੋਂ ਫੜ੍ਹ ਕੇ ਪਰ੍ਹਾਂ ਕੀਤਾ ਤੇ ਇੱਕ ਉਸ ਦੇ ਜੜ੍ਹ ਦਿੱਤੀ। ਹੈਰੀ ਪਹਿਲਾਂ ਨਾਲੋਂ ਥੋੜ੍ਹਾ ਜਿਹਾ ਹੋਰ ਉਚੀ ਰੋਣ ਲੱਗ ਪਿਆ।

"ਕਿਉਂ, ਇਹਦੇ ਐਵੇਂ ਮਾਰੀ ਜਾਂਦੀ ਆਂ ?" ਉਹ ਹੈਰੀ ਨੂੰ ਚੁੱਕ ਕੇ ਲਿਵਿੰਗ ਰੂਮ ਵਿਚ ਲੈ ਗਿਆ ਅਤੇ ਉਸਨੂੰ ਵਿਰਚਾਉਣ ਲੱਗਾ, "ਮੰਮੀ ਮਾਰਦੀ ਆ ..... ਆਪਾਂ ਮੰਮੀ ਕੋਲੀ ਈ ਨਹੀਂ ਰਹਿਣਾ .... ਚੱਲ, ਆਪਾਂ ਦੋਵੇਂ ਟੈਕਸੀ ਚਲਾਵਾਂਗੇ। ਮੈਂ ਟੈਕਸੀ ਚਲਾਇਆ ਕਰੂੰ, ਤੂੰ ਪੈਸੇ ਲਿਆ ਕਰੀਂ। ਤੇ ਫੇਰ ਆਪਣੇ ਕੋਲ ਕਿੰਨੇ ਸਾਰੇ ..... ਕੈਂਡੀਆਂ ਲੈਣ ਜਿੰਨ੍ਹੇ ਪੈਸੇ ਹੋ ਜਾਣੇ ਆ।" ਮਿੰਦੋ ਨੂੰ ਟਰੇ ਵਿਚ ਚਾਹ ਲਈ ਆਉਂਦੀ ਵੇਖ ਕੇ ਉਸ ਨੇ ਕਿਹਾ, "ਫੇਰ ਆਪਾਂ ਮੰਮੀ ਨੂੰ ਨਹੀਂ ਕੋਈ ਕੈਂਡੀ ਦੇਣੀ। ਸਾਰੀਆਂ ਆਪਾਂ ਈ ਖਾ ਲੈਣੀਆਂ।" ਤੇ ਉਹ ਗੱਲਾਂ ਕਰਦਾ ਕਰਦਾ ਚਾਹ ਪੀਣ ਲੱਗ ਪਿਆ।

"ਇਸ ਸੰਡੇ ਦੀ ਛੁਟੀ ਕਰ ਲਿਉ। ਭੂਆ ਜੀ ਹੁਣਾਂ ਦੇ ਅਖੰਡਪਾਠ ਦਾ ਭੋਗ ਹੈ।"

"ਜੇ ਕੋਈ ਡਰਾਈਵਰ ਮਿਲਿਆ ਫੇਰ ਤਾਂ ਲਊਂਗਾ — ਨਹੀਂ ਤਾਂ ਡੇਡ ਸੌ ਵਿਚ ਪਵੇਗਾ ਤੇਰਾ 'ਖੰਡਪਾਠ। ਸੌ-ਸਵਾ ਸੌ ਟੈਕਸੀ ਦੀ ਦਿਹਾੜੀ ਦਾ ਤੇ ਬਾਕੀ ਜਿਹੜੇ ਕੋਲੋਂ ਖਰਚੇ ਜਾਣੇ ਹਨ, ਉਹ। ਇਉਂ ਕਰੀਂ, ਤੂੰ ਕੱਲੀ ਹੀ ਜਾ ਆਵੀਂ — ਮੈਂ ਉਥੇ ਕੀ ਕਰਨਾ ?

"ਮੈਂ ਨਹੀਂ ਕੱਲੀ ਨੇ ਜਾਣ।" ਮਿੰਦੋ ਫੇਰ ਵਿੱਟਰ ਗਈ। "ਜਦ ਦੇਖੋ, ਤੂੰ ਜਾ ਆਵੀਂ। ... ਮੈਂ ਇਉਂ ਕੱਲੀ ਜਾਂਦੀ ਚੰਗੀ ਲੱਗਦੀ ਹਾਂ। ਅੱਧੇ ਤਾਂ ਰਿਸ਼ਤੇਦਾਰ ਆਪਣੇ ਆਉਣੋਂ ਜਾਣੋਂ ਹਟ ਗਏ ਹਨ। ਜਦ ਆਪ ਹੀ ਕਿਸੇ ਦੇ ਦਿਨ ਸੁਧ ਤੇ ਨਹੀਂ ਜਾਣਾ ਤਾਂ ਕੋਈ ਸਾਡੇ ਕਿਉਂ ਆਊਗਾ ?"

"ਸਵੇਰੇ ਸਵੇਰੇ ਐਵੇਂ ਚਿੰਜੜੀਆਂ ਨਾ ਛੇੜ — ਮੈਂ ਸ਼ੌਂਕ ਨੂੰ ਨਹੀਂ ਦਿਨ ਰਾਤ ਟੁਟ ਟੁਟ ਮਰਦਾ। ਪੰਦਰਾਂ ਤਾਂ 'ਪੇਮਿੰਟਾਂ' ਦੇਣ ਵਾਲੀਆਂ ਹੁੰਦੀਆਂ। ਘਰ, ਟੈਕਸੀ ਦੀ, ਟੈਕਸੀ ਦੀ ਇੰਨਸ਼ੋਰੈਂਸ ਦੀ, ਡਿਸਪੇਚ ਫੀਸ ਅਤੇ ਹੋਰ ਕਿਹੜੀ ਕਿਹੜੀ ਕਿਸ਼ਤ ਤੈਨੂੰ ਦੱਸਾਂ। ਤੈਨੂੰ ਕਿਹੜਾ ਨਹੀਂ ਪਤਾ।" ਉਸ ਨੇ ਚਾਹ ਦਾ ਆਖਰੀ ਘੁੱਟ ਭਰ ਕੇ ਕੱਪ ਰੱਖਿਆ। "ਬੜੇ ਸੋਹਣੇ ਬੇਸਮੈਂਟ ਵਿਚ ਕਰਾਏ 'ਤੇ ਰਹਿ ਰਹੇ ਸੀ। ਉਦੋਂ ਕਹਿੰਦੀ ਸੀ ਨਵਾਂ ਘਰ ਲੈਣਾ। ਲੈ ਲਾ, ਨਵਾਂ ਘਰ! ਹੁਣ ਮੈਂ ਕੰਮ ਨਾ ਕਰਾਂ ਤਾਂ ਕਿਸ਼ਤਾਂ ਤੇਰਾ ਪਿਓ ਦਿਊ? ਦੱਸ, ਇਹ ਕਿਥੋਂ ਪੂਰੀਆਂ ਕਰਨੀਆਂ ਉਸ ਨੇ ਇਕ ਪਲ ਮਿੰਦੋ ਦੇ ਮੂੰਹ ਵੱਲ ਜਵਾਣ ਦੀ ਉਡੀਕ ਵਿਚ ਦੇਖਿਆ। ਉਹ ਜਦ ਵੀ ਭਜਨ ਖਿਝਿਆ ਜਾਂ ਗੁੱਸੇ ਵਿਚ ਹੁੰਦਾ ਸੀ ਤਾਂ ਘੱਟ ਵੱਧ ਹੀ ਉਤਰ ਦਿੰਦੀ ਹੁੰਦੀ ਸੀ। ਜਦ ਮਿੰਦੋ ਨੀਵੀਂ ਪਾਈ ਦੋਸ਼ੀਆਂ ਵਾਂਗ ਚੁਪ ਚਾਪ ਆਪਣੇ ਪੈਰ ਦੇ ਗੂਠੇ ਦੀ ਅੱਧ ਲਿੱਥੀ ਪਾਲਿਸ਼ ਨੂੰ ਦੇਖਦੀ ਰਹੀ ਤਾਂ ਜਰਾਬਾਂ ਪਾਉਣ ਲੱਗਾ ਭਜਨ ਫੇਰ ਬੋਲਿਆ, "ਘਰ ਵਹਿਲੀਆਂ ਬੈਠੀਆਂ ਕਦੇ ਫੂਲ ਇਧਰ ਨੂੰ ਘੁਮਾ ਲੈਂਦੀਆਂ ਕਦੇ ਉਧਰ ਨੂੰ। ਸ੍ਰੀ ਮਤੀ ਜੀ ਸਾਨੂੰ ਪੁਛੋ, ਸਾਨੂੰ! ਕੀ ਕੀ ਜੱਫਰ ਜਾਲਣੇ ਪੈਂਦੇ ਹਨ ਦਿਹਾੜੀ ਵਿਚ। ਮਰ ਜਾਈਦਾ ਸਾਰੀ ਦਿਹਾੜੀ ਟੁਟੀਆਂ ਜਿਹੀਆਂ ਗੋਰੀਆਂ ਦੀ ਗਰੋਸਰੀ ਢੋਂਦੇ। ਦੋ, ਦੋ — ਚਾਰ, ਚਾਰ ਡਾਲਰ ਦੇ ਟਰਿਪ ਮਿਲਦੇ ਹਨ। ਅੱਧੇ-ਅੱਧੇ, ਪੌਣੇ-ਪੌਣੇ ਘੰਟੇ ਬਾਅਦ ਕਿੱਤੇ ਜਾ ਕੇ - ਤੇ ਬਣਦਾ ਕੀ ਹੈ ਸਾਰੇ ਦਿਨ ਵਿਚ, ਟੱਟੂ! ਕਈ ਵਾਰ ਤਾਂ ਤਿੰਨ ਡਾਲਰ ਘੰਟੇ ਦੇ ਨਹੀਂ ਪੈਂਦੇ ਪੱਲੇ।"

ਉਸਨੇ ਬਟੂਆ ਕੱਢਿਆ ਤੇ ਉਸ ਵਿਚੋਂ ਕੁਝ ਨੋਟ ਕੱਢ ਕੇ ਮਿੰਦੋ ਵੱਲ ਵਧਾਏ। ਮਿੰਦੋ ਨੇ ਫੜ ਲਏ। "ਇਹ ਐ ਕੱਲ੍ਹ ਦੀ ਦਿਹਾੜੀ ਦੀ ਕਮਾਈ। ਬਾਕੀ ਹਿਸਾਬ ਤੂੰ ਆਪ ਲਾ ਲੈ। ਡਰਾਈਵਰ ਰੱਖੋ ਤਾਂ ਉਹ ਟੈਕਸੀ ਦੀ ਉਂਝ ਪ੍ਰਵਾਹ ਨਹੀਂ ਕਰਦੇ। ਜਿਥੇ ਕਿਤੇ ਖੜ੍ਹ ਗਈ, ਖੜ੍ਹ ਗਈ। ਉਨ੍ਹਾਂ ਨੂੰ ਕੀ? ਉਨ੍ਹਾਂ ਤਾਂ ਕੰਪਨੀ ਨੂੰ ਫੂਨ ਕਰ ਦੇਣਾ। ਟੈਕਸੀ ਖਰਾਬ ਹੋਈ ਖੜੀ ਹੈ — ਫਲ੍ਹਾਨੇ ਥਾਂ। ਡਰਾਈਵਰ ਨੂੰ ਤਾਂ ਕੰਪਨੀ ਨੇ ਕੋਈ ਹੋਰ ਟੈਕਸੀ ਦੇ ਦੇਣੀ ਹੁੰਦੀ ਹੈ। ਕੰਪਨੀ ਦਾ ਕੁਝ ਨਹੀਂ ਵਿਗੜਦਾ, ਡਰਾਈਵਰ ਦਾ ਕੁਝ ਨਹੀਂ ਵਿਗੜਦਾ। ਘਾਟਾ ਪਿਆ ਤਾਂ ਮਾਲਕ ਨੂੰ ਪਿਆ ਨਾ।"

ਉਸ ਨੇ ਘੜੀ ਦੇਖੀ। ਛੇ ਤੋਂ ਕੁਝ ਮਿੰਟ ਉਪਰ ਹੋ ਗਏ ਸਨ। ਉਹ ਉਠਿਆ ਮਿੰਦੋ ਵੀ ਉਠ ਖੜੀ ਹੋਈ।

"ਲੰਚ ਕਿੱਟ ਵਿਚ ਚਾਹ ਤੇ ਰੋਟੀ ਰੱਖ ਤੀ ?"

ਮਿੰਦੋ ਨੇ ਲੰਚ ਕਿੱਟ ਉਸਨੂੰ ਲਿਆ ਕੇ ਫੜਾ ਦਿਤੀ। ਉਹ ਲੰਚ ਕਿੱਟ ਖੋਲ੍ਹ ਕੇ ਦੇਖਦਾ ਹੋਇਆ ਬੋਲਿਆ, "ਨਾ ਕੋਈ ਖਾਣ ਦਾ ਟੈਮ — ਨਾ ਪੀਣ ਦਾ। ਹੋਰ ਤਾਂ ਹੋਰ ਕੱਲ ਭੈਣ ਚੋ ਚਾਰ ਘੰਟੇ ਮੂਤ ਡੱਕੀ ਰੱਖਿਆ — ਇਕ ਤੋਂ ਬਾਅਦ ਇਕ ਇਕ ਤੋਂ ਬਾਅਦ ਇਕ ਜੋਂ ਛੋਟੇ ਛੋਟੇ ਟਰਿਪ ਮਿਲਣ ਲਗੇ — ਚਾਰ ਘੰਟੇ ਲੰਘ ਗਏ। ਨਾ ਮਿਲਣ ਤਾਂ ਦੋ ਦੋ ਘੰਟੇ ਬਾਂਦਰਾਂ ਵਾਂਗੂੰ ਮੂੰਹ ਚੁਕ ਕੇ ਦੇਖਦੇ ਰਹੀਦਾ ਹੈ

ਉਸ ਨੇ ਲੰਚ-ਕਿਟ ਬੰਦ ਕਰਕੇ ਬੱਗਲ ਵਿਚ ਦਿਤੀ ਤੇ ਤੁਰ ਪਿਆ। ਬਾਹਰਲੇ ਦਰ ਵਿਚ ਜਾ ਕੇ ਬੋਲਿਆ, "ਅੱਜ ਮੈਂ ਵੇਲੇ ਨਾਲ ਆ ਜਾਊਂਗਾ — ਤੂੰ ਤੇ ਹੈਰੀ ਤਿਆਰ ਰਹਿਉ। ਕਿਸਦੇ ਘਰ ਨੂੰ ਚੱਲਾਂਗੇ। ਮੈਂ ਕਿਹੜਾ ਕਿਸੇ ਸਾਲੇ ਦਾ ਗੁਲਾਮ ਹਾਂ। ਮਰਜ਼ੀ ਦੇ ਮਾਲਕ ਹਾਂ। ਇਕ ਦਿਨ ਨਾ ਚਲਾਵਾਂਗੇ। ਕੱਲ ਤਾਂ ਡਾਇਨਬੋ ਖਰਾਬ ਹੋ ਗਿਆ ਸੀ। ਪੰਜਾਹ ਤਾਂ ਉਹਦੇ 'ਤੇ ਲੱਗ ਗਏ। ਫੇਰ ਮੈਂ ਸੋਚਿਆ ਚਾਰ ਘੰਟੇ ਹੋਰ ਲਾ ਲੈਂਦਾ ਹਾਂ। ਇਹ ਖਰਚ ਤਾਂ ਕੱਢਾਂ — ਤੇ 'ਟੈਮ' ਜਾਂਦੇ ਦਾ ਕਿਤੇ ਪਤਾ ਲੱਗਦਾ! ਬੱਸ ਤੂੰ ਬਣ-ਠਣ ਕੇ ਰਹੀਂ, ਮੇਮਾਂ ਵਾਂਗ।"

ਮਿੰਦੋ ਦਾ ਦਿਲ ਕੀਤਾ, ਉਸ ਨੂੰ ਕਹਿ ਦੇਵੇ, 'ਮੈਂ ਤਾਂ ਤੁਹਾਨੂੰ ਕਹਿਣਾ ਹੀ ਛੱਡ ਦੇਣਾ, ਜਦੋਂ ਮਰਜ਼ੀ ਆ ਗਏ - ਜਦੋਂ ਮਰਜ਼ੀ ਚਲੇ ਗਏ।' ਪਰ ਉਹ ਇੰਝ ਨਾ ਕਹਿ ਸਕੀ। ਉਸ ਦੇ ਹੋਂਠ ਹਿਲੇ, "ਤੁਹਾਡਾ ਤਾਂ ਹਰੋਜ਼ ਈ ਕੁਝ ਨਾ ਕੁਝ ਖਰਾਬ ਹੋਇਆ ਰਹਿੰਦਾ। ਵਾਹਦੇ ਨਾਲ ਆਉਂਗੇ ਤਾਂ ਜਾਣੂੰਗੀ — ਨਹੀਂ ਤਾਂ ਮੈਂ ਕਿਹੜੇ ਹੌਂਸਲੇ ਨਾਲ ਤਿਆਰ ਹੋ ਕੇ ਬੈਠੀ ਰਹਾਂ। ਤੇ ਨਾਲੇ ਤਿਆਰ ਹੋਣ ਨੂੰ ਕਿਹੜੇ ਵਰ੍ਹੇ ਲੱਗਦੇ ਆ।"

"ਫੇਰ ਉਹੀ ਰੇੜਕਾ — ਚੰਗਾ ਮਰਾ ਭੈਣ ਦੀ —।" ਤੇ ਉਸ ਨੇ ਗੁੱਸੇ ਨਾਲ ਬਾਹਰਲਾ ਦਰ ਇੰਝ ਜ਼ੋਰ ਨਾਲ ਬੰਦ ਕੀਤਾ ਕਿ ਘਰ ਦੇ ਸ਼ੀਸ਼ੇ ਵੀ ਥਰਥਰਾ ਗਏ।

## ਪੰਜਾਬੀ ਲੇਖਕ ਮੰਚ ਵਲੋਂ ਸਭ ਸੰਸਥਾਵਾਂ ਵਲੋਂ ਗੁਰਚਰਨ ਰਾਮਪੁਰੀ ਉਤੇ ਹਮਲੇ ਦੀ ਨਿਖੇਧੀ ਦੀ ਮੰਗ

ਵੈਨਕੂਵਰ — ਪੰਜਾਬੀ ਲੇਖਕ ਮੰਚ ਦੀ ਮਾਸਿਕ ਇਕੱਤਰਤਾ 28 ਅਕਤੂਬਰ ਨੂੰ ਲਿਟਲਮਾਊਂਟੇਨ ਨੇਬਰਹੁਡ ਹਾਊਸ ਵਿਚ ਹੋਈ ਜਿਸ ਵਿਚ ਸਰਬ ਸੰਮਤੀ ਨਾਲ ਹੇਠ ਲਿਖਿਆ ਮਤਾ ਪਾਸ ਕੀਤਾ ਗਿਆ।

"19 ਅਕਤੂਬਰ 1984 ਦੀ ਸਵੇਰ ਨੂੰ ਪੰਜਾਬੀ ਦੇ ਪ੍ਰਸਿੱਧ ਸ਼ਾਇਰ ਅਤੇ ਲੇਖਕ ਗੁਰਚਰਨ ਰਾਮਪੁਰੀ ਉਤੇ ਤਿੰਨ ਅਤਿਵਾਦੀਆਂ ਵਲੋਂ ਕਾਤਲਾਨਾ ਹਮਲਾ ਕੀਤਾ ਗਿਆ। ਇਹ ਹਮਲਾ ਉਨ੍ਹਾਂ ਵਲੋਂ 'ਕੈਨੇਡਾ ਦਰਪਣ' ਵਿਚ ਛਪੇ ਇਕ ਲੇਖ 'ਪੰਜਾਬ ਦਾ ਅਜੋਕਾ ਦੁਖਾਂਤ' ਲਿਖਣ ਕਰਕੇ ਕੀਤਾ ਦੱਸਿਆ ਜਾਂਦਾ ਹੈ। ਇਹ ਹਮਲਾ ਲਿਖਣ ਅਤੇ ਬੋਲਣ ਦੀ ਆਜ਼ਾਦੀ ਉਤੇ ਸਿੱਧਾ ਹਮਲਾ ਹੈ। ਲਿਖਣ ਅਤੇ ਬੋਲਣ ਦਾ ਹੱਕ ਮਨੁੱਖ ਦਾ ਜਮਾਂਦਰੂ ਅਧਿਕਾਰ ਹੈ ਅਤੇ ਇਸ ਅਧਿਕਾਰ ਦੀ ਗਰੰਟੀ ਕੈਨੇਡਾ ਦਾ ਸੰਵਿਧ

ਸੰਵਿਧਾਨ ਵੀ ਕਰਦਾ ਹੈ।

ਇਹ ਹਮਲਾ ਇਕੱਲੇ ਗੁਰਚਰਨ ਰਾਮਪੁਰੀ ਉਤੇ ਨਹੀਂ ਸਗੋਂ ਸਮੂਹ ਲੇਖਕਾਂ ਦੀ ਲਿਖਣ ਅਤੇ ਬੋਲਣ ਦੀ ਆਜ਼ਾਦੀ ਉਤੇ ਸਿੱਧਾ ਹਮਲਾ ਹੈ। ਪੰਜਾਬੀ ਲੇਖਕ ਮੰਚ ਇਸ ਹਮਲੇ ਦੀ ਪੁਰਜ਼ੋਰ ਨਿਖੇਧੀ ਕਰਦਾ ਹੈ ਅਤੇ ਕੈਨੇਡੀਅਨ ਸਰਕਾਰ ਤੋਂ ਮੰਗ ਕਰਦਾ ਹੈ ਕਿ ਹਮਲਾ ਕਰਨ ਵਾਲਿਆਂ ਦੇ ਵਿਰੁੱਧ ਫੌਰਨ ਲੋੜੀਂਦੀ ਕਾਰਵਾਈ ਕੀਤੀ ਜਾਵੇ ਅਤੇ ਅਤਿਵਾਦੀਆਂ ਨੂੰ ਸਖਤ ਸਜ਼ਾਵਾਂ ਦਿਤੀਆਂ ਜਾਣ।

ਇਸ ਬੁਜ਼ਦਿਲਾਨਾ ਹਮਲੇ ਨੇ ਸਾਡੀ ਕਮਿਊਨਿਟੀ ਦਾ ਸਿਰ ਕੈਨੇਡਾ ਦੇ ਸਾਰੇ ਲੋਕਾਂ ਵਿਚ ਨੀਵਾਂ ਕੀਤਾ ਹੈ। ਇਹ ਹਮਲਾ ਸਾਡੀਆਂ ਸਾਰੀਆਂ ਸਮਾਜਕ ਅਤੇ ਧਾਰਮਿਕ ਰਵਾਇਤਾਂ ਦੇ ਐਨ ਉਲਟ ਹੈ। ਇਸ ਲਈ ਪੰਜਾਬੀ ਲੇਖਕ ਮੰਚ ਸਾਡੀ ਕਮਿਊਨਿਟੀ ਦੀਆਂ ਸਾਰੀਆਂ ਸਿਆਸੀ, ਸਮਾਜਕ, ਸਭਿਆਚਾਰਕ ਅਤੇ ਧਾਰਮਿਕ ਸੰਸਥਾਵਾਂ ਤੋਂ ਮੰਗ ਕਰਦਾ ਹੈ ਕਿ ਕਮਿਊਨਿਟੀ ਦੀ ਏਕਤਾ ਅਤੇ ਭਲਾਈ ਦੀ ਖਾਤਰ ਇਸ ਹਮਲੇ ਦੀ ਸਖਤ ਸ਼ਬਦਾਂ ਵਿਚ ਪਬਲਿਕ ਤੌਰ ਉਤੇ ਨਿਖੇਧੀ ਕਰਨ।"

ਮਤਾ ਪਾਸ ਕਰਨ ਤੋਂ ਪਹਿਲਾਂ ਦਰਸ਼ਨ ਗਿੱਲ ਨੇ ਦੋ ਅਫਰੀਕਨ ਕਵਿਤਾਵਾਂ ਦੇ ਅਨੁਵਾਦ ਨਵੀਂ ਛਪੀ ਪੁਸਤਕ 'ਬਲਦੇ ਬੋਲ' ਵਿਚੋਂ ਪੜ੍ਹੇ ਅਤੇ ਆਪਣੀ ਨਵੀਂ ਕਵਿਤਾ 'ਹਨੇਰ-ਚਾਨਣ' ਪੜ੍ਹੀ। ਅਜਮੇਰ ਰੋਡੇ ਨੇ 'ਇਹ ਕਿਹੋ ਜਿਹੀ ਵਿਦਿਆ ਹੈ', ਗੁਰਚਰਨ ਰਾਮਪੁਰੀ ਨੇ 'ਕੁਰਸੀਬਾਜ਼', ਮਹਿੰਦਰ ਸੂਮਲ ਨੇ 'ਕੁਰਾਹੀਏ', ਚਰਨ ਸਿੰਘ ਨੇ ਆਪਣੇ ਨਵੇਂ ਪ੍ਰਯੋਗ ਵਜੋਂ 'ਕਾਵਿ-ਸੰਵਾਦ' ਪੇਸ਼ ਕੀਤੇ ਜਿਨ੍ਹਾਂ ਤੇ ਭਰਪੂਰ ਚਰਚਾ ਹੋਈ। ਸੁਖਵੰਤ ਹੁੰਦਲ ਨੇ ਤਨਜ਼ੀਆ ਅੰਦਾਜ਼ ਦਾ ਗੀਤ 'ਮਾਮਲਾ ਗੜਬੜ ਹੈ' ਪੇਸ਼ ਕੀਤਾ। ਬਹਿਸ ਵਿਚ ਸਾਧੂ ਅਤੇ ਹਰਮਿੰਦਰ ਸਿਆਣ ਨੇ ਵੀ ਹਿੱਸਾ ਲਿਆ।

ਪੰਜਾਬੀ ਲੇਖਕ ਮੰਚ ਦੀ ਅਗਲੀ ਮਾਸਿਕ ਇਕੱਤਰਤਾ 25 ਨਵੰਬਰ 1984 ਨੂੰ ਲਿਟਲ ਮਾਊਂਟਨ ਨੇਬਰਹੁਡ ਹਾਊਸ ਵਿਚ ਸ਼ਾਮ ਦੇ ਪੰਜ ਵਜੇ ਹੋਵੇਗੀ। ਲੇਖਕ ਸੱਜਣ ਨੋਟ ਕਰ ਲੈਣ।

ਦਰਸ਼ਨ ਗਿੱਲ
ਰੀਕਾਰਡਿੰਗ ਕੁਆਰਡੀਨੇਟਰ

ਮਹਿੰਦਰ ਸੂਮਲ
ਕੁਆਰਡੀਨੇਟਰ
ਪੰਜਾਬੀ ਲੇਖਕ ਮੰਚ ਵੈਨਕੂਵਰ

---

□ ਰਣਜੀਤ ਕਾਂਝਲਾ

ਆਪਣੇ ਦਿਲ ਨੂੰ ਅੱਗ ਲਾ ਕੇ ਵੇਖ ਤਾਂ
ਖੁਦ ਨੂੰ ਬਿਰਹੋਂ ਵਿਚ ਜਲਾ ਕੇ ਵੇਖ ਤਾਂ।
ਬਹੁਤ ਸੌਖੇ ਹੱਸਣਾ ਫੁੱਲਾਂ ਦੇ ਨਾਲ,
ਕੰਡਿਆਂ ਥੀਂ ਯਾਰੀ ਪਾ ਕੇ ਵੇਖ ਤਾਂ।
ਸ਼ੀਸ਼ ਮਹਿਲਾਂ ਦੇ ਤੂੰ ਸੁਪਨੇ ਲੈ ਰਿਹਾ ?
ਝੁੱਗੀਆਂ ਅੰਦਰ ਭੀ ਜਾ ਕੇ ਵੇਖ ਤਾਂ।
ਲੋਕ ਤਾਂ ਪਾਉਂਦੇ ਨੇ ਦਿਨ ਦੀਵੀਂ ਹਨੇਰ,
ਤੂੰ ਹਨੇਰਾ ਜਗਮਗਾ ਕੇ ਵੇਖ ਤਾਂ।
ਏਥੇ ਬਣ ਜਾਂਦੇ ਨੇ ਆਪਣੇ ਗ਼ੈਰ ਸਭ,
ਗ਼ੈਰ ਨੂੰ ਅਪਣਾ ਬਣਾ ਕੇ ਵੇਖ ਤਾਂ।
ਆਪਣੇ ਹੱਡਾਂ ਦੀ ਚਿਖਾ ਤੇ ਬੈਠ ਕੇ,
ਸੜ ਰਿਹਾ ਮੈਂ–ਨੇੜੇ ਆ ਕੇ ਵੇਖ ਤਾਂ।
ਰਾਤ ਬਾਤਾਂ ਪਾ ਰਹੀ ਏ ਚੰਦ ਨਾਲ,
ਤੂੰ ਭੀ ਚੰਨ ਦੀ ਬਾਤ ਪਾ ਕੇ ਵੇਖ ਤਾਂ।
ਮੌਤ ਪਿਛੋਂ ਆਏਂਗਾ 'ਆਜ਼ਾਦ' ਤੂੰ ?
ਮੇਰੇ ਜੀਂਦੇ ਕੋਰਾਂ ਆ ਕੇ ਵੇਖ ਤਾਂ।

**ਵਿਅੰਗ**

# ਲੇਖਕ ਤੇ ਨਾਈ

■ ਹਰਭਜਨ ਹਾਂਸ

ਗੱਲ ਇੰਡੀਆ ਦੀ ਹੈ - ਹਰਮਨ ਪਿਆਰੇ ਭਾਰਤ-ਵਰਸ਼ ਜਾਂ ਦੇਸ਼ ਅਥਵਾ ਹਿੰਦੋਸਤਾਨ ਦੀ। ਸੱਤਰ ਕਰੋੜ ਦੀ ਅਬਾਦੀ ਵਾਲੇ ਉਸ ਮੁਲਕ 'ਚ ਇਕ ਮੈਂ ਸੀ ਤੇ ਇੱਕ ਉਹ! ਮੈਂ ਕੱਚ-ਬੜੱਚਾ ਜਿਹਾ ਲੇਖਕ (ਸ਼ਾਬਾਸ ਮੇਰੇ-ਸ਼੍ਰੋਮਣੀ ਪ੍ਰਵਾਸ਼ੀ ਲੇਖਕ ਦਾ ਇਨਾਮ ਜਿੱਤਣ ਦੀ ਸਮਰੱਥਾ ਰੱਖਣ ਵਾਲਾ ਖੁਦ ਨੂੰ ਕਿਸ ਵਿਸ਼ੇਸ਼ਣ ਨਾਲ ਸੰਬੋਧਤ ਕਰ ਰਿਹਾ ਹੈ!) ਜਿਹੜਾ ਜੇ ਗ਼ਜ਼ਲ ਲਿਖਣ ਬੈਠਦਾ ਤਾਂ ਕਹਾਣੀ ਲਿਖ ਧਰਦਾ, ਜੇ ਨਾਟਕ ਦਾ ਮੂਡ ਬਣਿਆ ਤਾਂ ਖੁਲ੍ਹੀ ਕਵਿਤਾ ਕਾਗ਼ਜ਼ ਦੀ ਹਿੱਕ ਤੇ ਉਕਰ ਧਰਦਾ। ਤੇ ਉਹ ਕੱਚ-ਬੜੱਚਾ ਜਿਹਾ ਨਾਈ - ਜੇ ਅਮਿਤਾਭ ਬਚਨ ਸਟਾਈਲ ਵਾਲੀ ਕੱਟ ਸ਼ੁਰੂ ਕਰਦਾ ਤਾਂ ਬਣ ਜਾਂਦਾ ਮੋਰਾਰ ਜੀ ਡਿਸਾਈ ਕੱਟ ਤੇ ਜੇ ਮਿਸਟਰ ਟੀ ਕੱਟ ਲਈ ਉਸਤਰੇ ਕੈਂਚੀਆਂ ਹੱਥ 'ਚ ਫੜ੍ਹਦਾ ਤਾਂ ਮਿਸਟਰ ਟੀ ਬਣਦਾ ਬਣਦਾ ਅਗਲਾ ਬੰਦੇ ਦੇ ਵੀ ਗੰਗਾ ਡੁੱਲ ਪਵਾ ਲੈਂਦਾ।

ਉਥੇ ਮੇਰੀ ਇੱਜ਼ਤ ਸੀ। ਪ੍ਰਸ਼ੰਸਾ ਕਰਨ ਵਾਲੇ ਮੈਨੂੰ ਭਾਰਤ ਦਾ ਸ਼ੇਕਸ਼ਪੀਅਰ ਕਹਿੰਦੇ, ਵੀਹਵੀਂ ਸਦੀ ਦਾ ਕਾਲੀਦਾਸ ਬੋਲਦੇ - ਇਕ ਪੜ੍ਹੇ ਲਿਖੇ ਅਲੋਚਕ ਨੇ ਤਾਂ ਮੈਨੂੰ 'ਮਾਡਰਨ ਮੀਰਾਂ' ਦਾ ਖਿਤਾਬ ਵੀ ਬਖਸ਼ ਦਿੱਤਾ। ਪਰ ਉਸ ਦਾ ਮੁੱਲ ਇੱਕ ਧੇਲੀ ਵੀ ਨਹੀਂ ਸੀ - ਵਾਲਾਂ ਦੀ ਗੱਲ ਦੂਰ, ਉਸ ਤੋਂ ਕੋਈ ਡਰਦਾ ਨੌਂਹ ਵੀ ਨਹੀਂ ਸੀ ਕਟਵਾਉਂਦਾ - ਖੌਰੇ ਕਿਧਰ ਨੂੰ ਉਸ ਦਾ ਹੱਥ ਚੱਲ ਜਾਵੇ, ਨੌਂਹ ਦੀ ਥਾਂ ਉਹ ਉਂਗਲ ਦੀ ਹੀ ਬਲੀ ਲੈ ਲਵੇ। ਵੱਧ ਤੋਂ ਵੱਧ ਪਿੰਡ 'ਚ ਮੁੰਡੇ-ਕੁੜੀਆਂ ਦੇ ਵਿਆਹ ਤੇ ਭਾਂਡੇ ਮਾਂਜਣ ਦਾ ਕੰਮ ਕਰਦਾ ਸੀ।

ਫੇਰ ਮੇਰੀ ਤੇ ਉਹਦੀ ਕੈਨੇਡਾ ਆਉਣ ਦੀ ਖਬਰ ਪਿੰਡ ਦੇ ਵਿਹਲੜ ਗਭਰੂ, ਪੈਨਸ਼ਨ-ਸ਼ੁਦਾ ਫੌਜੀ ਤੇ ਬੇਕਾਰ ਬੁੱਢਿਆਂ ਦੇ 'ਖੁੰਢ ਟਾਈਮਜ਼' ਰਾਹੀਂ ਸਭ ਜਗ੍ਹਾ ਫੈਲੀ। 'ਖੁੰਢ ਟਾਈਮਜ਼' ਦੇ ਸੰਪਾਦਕਾਂ ਤੇ ਸੰਵਾਦਾਤਾਵਾਂ ਨੇ ਐਡੀਟੋਰੀਅਲ ਤੇ ਵਿਸ਼ੇਸ਼ ਰਿਪੋਰਟਾਂ ਪ੍ਰਕਾਸ਼ਤ ਕੀਤੀਆਂ। ਮੇਰੇ ਬਾਰੇ 'ਖਾਸ ਲੇਖ' ਦਾ ਸਾਰਾਂਸ ਸੀ - 'ਓਹ ਜੀ, ਕਨੇਡਾ ਹਈ ਪੜ੍ਹਿਆ-ਲਿਖਿਆ ਆਸਤੇ ....ਇਹ ਮੁੰਡਾ ਆਪਣੇ ਤੇ ਆਪਣੇ ਜੰਮਣ ਆਲਿਆਂ ਦੇ ਕੀ, ਕਨੇਡਾ ਦੇ ਭਾਗ ਬਦਲ ਕੇ ਰੱਖਦੂ....ਇਹਨੂੰ ਤਾਂ ਜਾਂਦੇ ਨੂੰ ਸਰਕਾਰ ਨੇ ਪੱਕੀ ਨੌਕਰੀ ਦੇ ਦੇਣੀ ਆ ... ਐਨਾ ਪੜ੍ਹਿਆ ਤੇ ਦਿਮਾਕ ਆਲਾ ਮੁੰਡਾ ਕਿਤੇ ਲੱਭਿਆ ਮਿਲਦਾ?' ਤੇ ਉਸ ਬਾਰੇ 'ਖੁੰਢ ਟਾਈਮਜ਼' ਦੇ ਨੁਕਰੇ ਖਬਰ ਸੀ, 'ਜਦੋਂ ਜੀ ਇਹ ਚਲਿਆ ਗਿਆ .. ਕਨੇਡਾ ਆਲਿਆਂ ਨੇ ਹੋਰਾਂ ਨੂੰ ਜਾਣੋਂ ਬੰਦ ਕਰ ਦੇਣਾ .... ਲੈ ਦੱਸੋ ਜਿਹੜਾ ਇੱਥੇ ਰੋਟੀ ਨੂੰ ਤਰਸਦਾ, ਉਥੇ ਕੀ ਏਨੂੰ, ਮਾਹਲ-ਪੂੜ੍ਹੇ ਧਰੇ ਪਏ ਆ ...ਸਹੁਰਾ ਇੱਲ ਦਾ ਨਾਂ ਕੁੱਕੜ ਨੀਂ ਜਾਣਦਾ....ਚੱਲਿਆ ਕਨੇਡਾ ਨੂੰ!

'ਸਾਡੇ ਤਾਂ ਮੁੰਡੇ ਨੇ ਜੀ....ਆਪਣੀ ਪਿੰਡ ਆਲੀ ਬਾਹਮਣਾਂ ਦੀ ਗਲੀ ਨੀਂ ਦੇਖੀ....ਚਲ ਹੁਣ ਵੋ ਬਣ ਗਿਆ ਕਨੇਡਾ ਦਾ.....ਤੇ ਤੁਸੀਂ ਜੀ ਦੇਖੀ ਆ ਸਾਰੀ ਦੁਨੀਆਂ .....ਐਨਾ ਪੜ੍ਹੇ-ਲਿਖੇ ਓਂ ਜੀ ....ਪ੍ਰਦੇਸ਼ਾਂ ਦਾ ਮਾਮਲਾ ....ਤੁਸੀਂ ਜੀ ਏਨੂੰ ਨਾਲ ਲੈਜਿਓ!' ਉਸ ਦਾ ਬਾਪ ਮੈਨੂੰ ਕਹਿ ਰਿਹਾ ਸੀ। ਤੇ ਇੱਕ ਦਿਨ ਕਨੇਡਾ ਦੇਸ਼ ਦੀ ਧਰਤੀ ਤੇ ਉਹ ਤੇ ਮੈਂ ਇੱਕ ਜਹਾਜ਼ 'ਚ ਆ ਉਤਰੇ।

ਉਹ ਡਰਿਆ ਸਹਿਮਿਆਂ ਮੇਰੇ ਪਿੱਛੇ ਆ ਰਿਹਾ ਸੀ। ਏਅਰ-ਪੋਰਟ ਤੇ ਨਵੇਂ-ਪੁਰਾਣੇ ਸਭ ਵਾਸੀਆਂ-ਪ੍ਰਵਾਸੀਆਂ ਦੇ ਸਵਾਗਤਮ ਲਈ ਜਨ-ਸਮੂਹ ਇਕੱਤਰ ਸੀ। ਮੇਰੇ ਵਾਸਤੇ ਉਥੇ ਵਾਹਵਾ ਇਕੱਠ ਸੀ, ਪਰ ਉਸ ਨੂੰ ਆਪਣੇ ਕਿਸੇ ਰਿਸ਼ਤੇਦਾਰ ਦਾ ਦੀਦਾਰ ਨਸੀਬ ਨਾ ਹੋਇਆ। ਮੈਂ ਉਸ ਨੂੰ ਆਪਣੇ ਨਾਲ ਆਪਣੇ ਸਵਾਗਤ-ਕਰਤਾ ਦੀ ਕਾਰ 'ਚ ਬੈਠਾ ਲਿਆ। ਅਣਜਾਣ ਦੇਸ਼ ਦੀ ਅਣਜਾਣ ਨਗਰੀ ਦੇ ਅਣਜਾਣ ਲੋਕ ਸਾਨੂੰ ਕਿਸੇ ਅਣਜਾਣ ਜਗ੍ਹਾ ਤੇ ਲੈ ਗਏ ਕੁਰਸੀਆਂ-ਸੋਫਿਆਂ ਤੇ ਕਾਫੀ ਸੱਜਣ ਮੌਜੂਦ ਸਨ - ਇਕੱਠ ਦੇਖ ਕੇ ਉਹ ਹੋਰ ਵੀ ਸੁੰਗੜ ਗਿਆ।

"ਮਾਈਓ-ਭਾਈਓ!" ਕੁਰਸੀ ਤੇ ਬੈਠਾ ਆਪਣੇ ਹੱਥ ਨੂੰ ਮਾਇਕ ਵਾਂਗ ਚਿਹਰੇ ਸਾਹਮਣੇ ਕਰਕੇ ਇੱਕ ਸੱਜਣ ਕਹਿ ਰਿਹਾ ਸੀ, "ਨਹੀਂ......ਮਾਈਓ-ਭਾਈਓਂ 'ਚੋਂ ਮੈਨੂੰ ਸੌ ਪ੍ਰਸੈਂਟ ਕੈਨੇਡੀਅਨ ਮੈਨੂੰਫੈਕਚਰਡ ਖਾਲਿਸਤਾਨ ਦੀ ਬੂ ਆਉਂਦੀ ਹੈ ....ਭੈਣੋਂ-ਭਰਾਵੋ ....ਅੱਜ ਸਾਡੇ ਵੈਨਕੂਵਰ ਨਿਵਾਸੀਆਂ ਦੇ ... ਖਾਸ ਕਰਕੇ ਸਾਡੇ ਲੇਖਕਾਂ ਦੇ ...ਸੁਸਾਇਟੀ ਦੇ ਕਰੀਮ ਧੰਨਭਾਗ ਨੇ ਕਿ ਸਾਡੇ 'ਚ ਭਾਰਤ 'ਚੋਂ ਮਸ਼ਹੂਰ ਲੇਖਕ ਹਰਭਜਨ ਹਾਂਸ ਜੀ ਸ਼ਾਮਲ ਹੋ ਗਏ ਹਨ .... ਆਪ ਮਹਾਨ ਕਹਾਣੀ-ਕਾਰ, ਨਾਟਕਕਾਰ, ਵਿਅੰਗ-ਕਾਰ ਤੇ ਕਵਿਤਾ-ਕਾਰ ਹਨ .... ਅਸੀਂ ਇਨ੍ਹਾਂ ਦੇ ਆਉਣ ਦੀ ਖੁਸ਼ੀ 'ਚ ਕਵੀ-ਦਰਬਾਰ ਆਯੋਜਤ ਕੀਤਾ ਹੈ ...ਸਭ ਤੋਂ ਪਹਿਲਾਂ ਮੈਂ ਕਵੀ ਕਰਨ ਸਿੰਘ ਨੂੰ ਦਰਖਾਸਤ ਕਰਾਂਗਾ ..!

"ਸ੍ਰੀ ਹਾਂਸ ਜੀ, ਜੀ ਆਇਆਂ ....!" ਕਵੀ ਜੀ ਨੇ ਮੰਚ-ਸੰਚਾਲਕ ਦੀ ਦਰਖਾਸਤ ਦੀ ਵਿੱਚੋ ਕੱਦੂਕਸ ਕਰਦਿਆਂ ਕਿਹਾ, 'ਮੈਂ ਬਹੁਤ ਘੱਟ ਲਿਖਦਾ ਹਾਂ ...ਮੈਂ ਮਾਡਰਨ ਪੋਇਟਰੀ ਲਿਖਦਾ ਹਾਂ ....ਤੇ ਸੁਣੋ ਮੇਰੀ ਤਾਜ਼ੀ ਰਚਨਾ ..." ਕਵੀ ਨੇ ਜੇਬ ਵਿਚਲਾ ਕਾਗ਼ਜ਼ ਕੱਢਿਆ ਤੇ ਬੋਲੇ, "ਆਪਣੇ ਘਰ ਵਿਚਲੇ ਰੁੱਖ ਦੀ ਛਾਵੇਂ ....ਮੈਂ ਜਦ ਮੰਜੀ ਡਾਹੁੰਦਾ ਹਾਂ!" "ਵਾਹ! ਵਾਹ!!" ਆਵਾਜ਼ਾਂ ਗੂੰਜੀਆਂ। "ਬੜਾ ਨਾਟਕੀ ਅੰਦਾਜ਼ ਹੈ ...ਹਾਂਸ ਜੀ," ਕਵੀ ਜੀ ਐਨਕਾਂ ਬਿਨ੍ਹਾਂ ਵਜਹ ਠੀਕ ਕਰਦੇ ਬੋਲੇ, "ਮੰਜੀ ਉਪਰ ਪੈਕੇ ਸੋਚਦਾ ਹਾਂ ....ਕੀ ਸੋਚਦਾ ਹਾਂ?" "ਕੀ ਸੋਚਦੇ ਹੋ?" ਵਿਚਾਰਾਂ ਦੀ ਕੈਦ ਚੋਂ ਮੁਕਤ ਹੋ ਕੋਈ ਲੇਖਕ ਕਹਿ ਰਿਹਾ ਸੀ। "ਸੋਚਦਾ ਹਾਂ - ਕੀ ਅਸਤਿਤਵ ਹੈ ਮੇਰਾ ....ਮੈਂ ਹੱਡ-ਮਾਸ ਦਾ ਪੁਤਲਾ.....ਕੰਪਿਊਟਰ ਬਣ ਗਿਆ ਹਾਂ।" "ਹਾਅ! ਵਾਹ! ਆਹ! ਕਿਯਾ ਸਾਇੰਸਟਿਫਕ ਅਪਰੋਚ ਹੈ," ਤੇ ਹੂਅ-ਹਾਅ 'ਚ ਕਵੀ ਤੇ ਕਵਿਤਾ ਦੋਵੇਂ ਚੁੱਪ ਹੋ ਗਏ।

"ਹੁਣ ਤੁਹਾਡੀ ਸੇਵਾ 'ਚ ਪੇਸ਼ ਨੇ ....," ਮੰਚ-ਸੰਚਾਲਕ ਕੁੱਝ ਪਲ ਰੁਕੇ। ਕਵੀਆਂ ਨੇ ਆਪਣੀਆਂ ਆਪਣੀਆਂ ਕਮੀਜ਼ਾਂ ਦੀਆਂ ਜੇਬਾਂ 'ਚ ਝਾਤਾਂ ਮਾਰੀਆਂ, ਜਿੰਨ੍ਹਾਂ 'ਚ ਸ਼ਾਇਦ ਡਾਲਰ ਘੱਟ ਤੇ ਸਿਆਹੀ ਨਾਲ ਦਾਗਦਾਰ ਕਾਗ਼ਜ਼ ਜਿਆਦਾ ਸਨ।" ....ਤੇ ਪੇਸ਼ ਹਨ ਸ੍ਰੀ ਰਿਗਵੇਦ ਸਿੰਘ ਸ਼ਾਨ!"

"ਹਾਂਸ ਜੀ ... ਜੀ ਆਇਆਂ ਨੂੰ .... ਇਹ ਜ਼ਮਾਨਾ ਕਹਾਣੀਕਾਰਾਂ, ਨਾਟਕਕਾਰਾਂ ਜਾਂ ਸਾਹਿਤਕਾਰਾਂ ਦਾ ਨਹੀਂ ...ਕਵੀਆਂ ਦਾ ਹੈ। ਤੁਕਬੰਦੀ ਸਭ ਤੋਂ ਵੱਡੀ ਅਕਲਮੰਦੀ ਹੈ .... ਪਿੰਗਲ ਪੀ. ਐਚ. ਡੀ. ਹੈ ...ਸਿਹਰੇ ਸਿੱਖਿਆ ਕੈਨੇਡਾ 'ਚ ਰੋਟੀ ਦੇਣ ਵਾਲਾ ਸਾਹਿਤ ਹੈ ....ਵੈਸੇ ਤਾਂ ਮੈਂ ਸਮਾਜਿਕ ਸਿਹਰੇ ਸਿੱਖਿਆ ਵੱਲ ਹੀ ਜਿਆਦਾ ਰੁਚਿੱਤ ਹਾਂ ...ਪਰ ਇਸ ਕਰਾਂਤੀਕਾਰੀ ਕਵੀ ਦਰਬਾਰ ਲਈ ਪੇਸ਼ ਕਰ ਰਿਹਾ ਹਾਂ ਇੱਕ ਕਰਾਂਤੀਕਾਰੀ ਸਿੱਖਿਆ ....।" ਕੋਈ ਤਾੜੀ ਨਾ ਵੱਜੀ, ਕੋਈ ਵਾਹ! ਵਾਹ! ਨਾ ਹੋਈ, ਗੁਰਦੁਆਰੇ 'ਚ ਅਨੰਦ-ਕਾਰਜਾਂ ਦੇ ਸਮਾਗਮ ਜੈਸਾ ਮਾਹੌਲ ਹੋ ਗਿਆ। ਕਵੀ ਜੀ ਨੇ ਚਾਰ-ਚੁਫੇਰੇ ਨਜ਼ਰ ਘੁਮਾਈ ਤੇ ਬੋਲੇ ....,"ਕੁੜੀਏ, ਮੰਗਾਇਆ ਹੈ ਲਾੜਾ ਤੂੰ ਇੰਡੀਆ ਤੋਂ, ਇਹਦੇ ਮਾਪਿਆਂ ਤੇ ਤੇਰਾ ਅਹਿਸਾਨ ਵੱਡਾ.....ਕੀ ਕਿਹਾ?.....ਕਿਹਾ ..... ਕੁੜੀਏ ਮੰਗਾਇਆ ਹੈ ਲਾੜਾ ਤੂੰ ਇੰਡੀਆ ਤੋਂ, ਇਹਦੇ ਮਾਪਿਆਂ ਤੇ ਤੇਰਾ ਅਹਿਸਾਨ ਵੱਡਾ, ਤੂੰ ਪੰਜ ਪਾਸ, ਇਹ ਪਾਸ ਐਮ. ਏ., ਪਰ ਵੱਡਾ ਕੈਨੇਡਾ ਨਾ ਕਿ ਹਿੰਦੁਸਤਾਨ ਵੱਡਾ, ...ਕੌਣ ਵੱਡਾ?....ਕਨੇਡਾ ਵੱਡਾ ਨਾ ਕਿ ਹਿੰਦੋਸਤਾਨ ਵੱਡਾ। ....ਹਾਂਸ ਜੀ ਅੱਗੇ ਅਰਜ ਕੀਤਾ ...ਤੂੰ ਫਾਰਮ ਦੇ ਵਿੱਚ ਹੈ ਜੌਬ ਕਰਦੀ, ਇਸ ਵਿਹਲੜ ਨੂੰ ਇਹ ਸਮਝਾ ਦਵੀਂ,....ਕੀ ਸਮਝਾ ਦਵੀਂ?... ਮੇਰੇ ਪਰਤਣ ਤੱਕ ਘਰ ਦਾ ਸਭ ਕੰਮ ਕਰਨਾ, ਗੱਲ ਏਸ ਦੇ ਕੰਨੀ ਤੂੰ ਪਾ ਦਵੀ; ਜੇ ਫਿਰ ਵੀ ਨਾ ਸਮਝੇ ਇਹ ਉਲੂ .....ਫੇਰ ਕੀ ਕਰਨਾ? ....ਜੇ ਫਿਰ ਵੀ ਨਾ ਸਮਝੇ ਇਹ ਉਲੂ, ਸਿੱਖਿਆ ਦੇਣ ਲਈ ਸ਼ਾਨ ਨੂੰ ਡਿਨਰ ਤੇ ਬੁਲਾ ਲਵੀਂ!"

ਸ਼ਾਨ ਜੀ ਕਵੀ ਦਰਬਾਰ 'ਚ ਸਮਲਿਤ ਕੁੜੀਆਂ ਵੱਲ ਇਸ ਤਰ੍ਹਾਂ ਝਾਕ ਕੇ ਦੇਖਿਆ, ਜਿਵੇਂ ਦੇਖ ਰਹੇ ਹੋਣ ਕਿ ਉਨ੍ਹਾਂ ਦੀ ਸਿੱਖਿਆ ਤੋਂ ਇੰਨ੍ਹਾਂ ਕੀ ਸਿੱਖਿਆ।

ਮੰਚ-ਸੰਚਾਲਕ ਸੰਭਲੇ - ਕਾਲਰ, ਟਾਈ, ਗਲਾ ਸਾਫ ਕੀਤਾ ਤੇ ਬੋਲੇ, "ਹੁਣ ਤੁਹਾਡੀ ਖਿਦਮਤ 'ਚ ਪੇਸ਼ ਨੇ ਨਿਰਾਰਥ-ਵਾਦੀ ... ਸੌਰੀ, ਸੌਰੀ ਸਵਾਰਥਵਾਦੀ ...ਸੌਰੀ ਵਨ ਮੋਰ ਸੌਰੀ ਪਦਾਰਥ-ਵਾਦੀ ...ਓਹ ....ਆਈ ਐਮ ਰੀਅਲ ਸੌਰੀ ਯਥਾਰਥਵਾਦੀ ਕਵੀ ਸ੍ਰੀ ਬੇਨਾਮਪੁਰੀ!

"ਵੈਲਕਮ ਹਾਂਸ ....ਤੁਸੀਂ ਆਏ ਪਰ ਗਲਤ ਮੌਕੇ ਤੇ ਆਏ ...ਕਦ ਆਏ ਜਦ ਕੋਈ ਇੱਥੇ ਜਾਬ ਬਾਕੀ ਨਹੀਂ ਬਚੀ .....ਚੂੰਕਿ ਮੈਂ ਯਥਾਰਥਵਾਦੀ ਹਾਂ ...ਸੋ ਥੋੜ੍ਹੀ ਜਿਹੀ ਜਾਣ-ਪਹਿਚਾਣ ਕੈਨੇਡਾ ਦੇ ਯਥਾਰਥ ਨਾਲ - ਹੁਣ ਬੱਸ ਸਟੈਂਪਾਂ ਕਿਵੇਂ ਨਾ ਕਿਵੇਂ ਬਣਾ ਲਈਆਂ ਤੇ ਅੰਨਅੰਪਲਾਈਮੈਂਟ ਦੇ ਹਰੇ ਚੈਕ ਰੋਸਟਡ ਕਰ-ਕਰ ਖਾਧੇ .... ਹੁਣ ਜਦ ਤੁਸੀਂ ਆ ਹੀ ਗਏ ਹੋ ... ਪੇਸ਼ ਹੈ ਤੁਹਾਡੀ ਸੇਵਾ 'ਚ ਇੱਕ ਸ਼ੇਅਰ ... ।" ਕਵੀ ਜੀ ਕੁੱਝ ਪਲ ਰੁੱਕੇ, ਆਵਾਜ਼ ਅਤੇ ਅੰਦਾਜ਼ 'ਚ ਭਾਰੀ ਫੇਰ-ਬਦਲ ਕਰਦੇ ਬੋਲੇ, "ਪੀੜ ਮਨ 'ਚ ਉਭਰੀ ....ਕੀ ਕਿਹਾ? ....ਪੀੜ ਮਨ 'ਚ ਉਭਰੀ ਤੇ ਐਨਾਸੀਨ ਖਾ ਲਈ ....," ਬੇਨਾਮਪੁਰੀ ਜੀ ਰੁੱਕੇ, ਸ਼ਾਇਦ ਵਾਹ! ਵਾਹ!! ਦੇ ਇੰਤਜ਼ਾਰ 'ਚ ਤੇ ਫੇਰ ਬੋਲੇ, "... ਪੀੜ ਮਨ 'ਚ ਉਭਰੀ, ਤੇ ਐਨਾਸੀਨ ਖਾ ਲਈ; ਮੈਨੂੰ ਰਾਸ ਆ ਗਿਆ ਤੇ ਚੁੱਪ ਚਾਪ ਸੌਂ ਗਿਆ।

ਮੰਚ-ਸੰਚਾਲਕ ਨੇ ਸ਼ੇਅਰ ਪਰ੍ਹੇ ਧੱਕਦਿਆਂ ਕਿਹਾ, "ਦੋਸਤੋ! ਹੁਣ ਕੁੱਝ ਹਾਂਸ ਜੀ ਤੋਂ ਵੀ ਸੁਣ ਲਿਆ ਜਾਵੇ ..... ਇੱਕ ਦੂਜੇ ਦੇ ਗ਼ਜ਼ਲ ਗੀਤ ਸੁਣ ਸੁਣ ਲਿਹਾਜਾ ਆਪਣੇ ਕੰਨ ਵੀ ਪੱਕ ਚੁੱਕੇ ਹਨ ...ਇਸ ਲਈ ਕਿਉਂ ਨਾ ਰੱਬ ਦੀ ਦਿੱਤੀ ਹੋਈ ਸੁਣਨ ਵਾਲੀ ਇਸ ਦਾਤ ਨੂੰ ਤਾਜ਼ਗੀ ਬਖਸ਼ੀਏ ....ਹੁਣ ਮੈਂ ਹਾਂਸ ਜੀ ਅੱਗੇ ਅਪੀਲ ਕਰਾਂਗਾ ਕਿ ਉਹ ਕੋਈ ਆਪਣੀ ਤਾਜ਼ੀ ਰਚਨਾ ਪੇਸ਼ ਕਰਨ .....!"

"ਕੀ ਕਹਾਂ?" ਮੇਰੀ ਆਵਾਜ਼ ਗਲ 'ਚ ਰੁਕ ਗਈ, "ਮੈਨੂੰ ਨੀਂਦ ਆ ਰਹੀ ਹੈ," ਸਥਿਤੀ ਸਪੱਸ਼ਟ ਕਰਨ ਲਈ ਮੈਂ ਕੁੱਝ ਹੌਂਸਲਾ ਫੜ੍ਹਿਆ।

"ਵਾਅ! ਵਾਅ!! ਕਿਆ ਕਹਿਣੇ ...ਇੱਕ ਵਾਰ ਫੇਰ! ਕੁੱਝ ਆਵਾਜ਼ਾਂ ਆਈਆਂ। "ਮੈਂ ਕੋਈ ਕਵਿਤਾ ਨਹੀਂ ਸੁਣਾ ਰਿਹਾ .... ਮੇਰੇ ਬੁੱਧੀਜੀਵੀ ਦੋਸਤੋ ...ਸਫਰ ਦੀ ਥਕਾਵਟ ਕਾਰਨ ਮੈਨੂੰ ਸੱਚੀ ਮੁੱਚੀਂ ਨੀਂਦ ਆ ਰਹੀ ਹੈ ... ਇਸ ਪਿਆਰ-ਸਤਿਕਾਰ ਤੇ ਦੁਲਾਰ ਲਈ ਤੁਹਾਡਾ ਧੰਨਵਾਦ .....!" ਮੈਂ ਕਿਹਾ।

"ਤਾਂ ਮੈਂ ਹੁਣ ਸਾਡੇ ਬਜ਼ੁਰਗ ਕਵੀ ਸ੍ਰੀ ਧੂਮਲ ਜੀ ਨੂੰ ਅਪੀਲ ਕਰਾਂਗਾ ਕਿ ਉਹ ਅੱਜ ਦੀ ਇਸ ਅਤਿ ਰੰਗੀਨ ਕਾਵਿਮਈ ਸ਼ਾਮ ਸਮਾਪਤ ਕਰਨ ਦੀ ਰਸਮ ਅਦਾ ਕਰਨ," ਮੰਚ-ਸੰਚਾਲਕ ਨੇ ਆਪਣੀ ਕਾਪੀ ਤੇ ਪਿੰਨ ਨੂੰ ਬੰਦ ਕਰਦਿਆਂ ਘੋਸ਼ਨਾ ਕੀਤੀ।

"ਦੇਵੀਓ ਔਰ ਸੱਜਣੋ ...ਹਾਂਸ ਜੀ ਦੇ ਸ਼ੁਭ-ਆਗਮਨ ਪਰ ਮੈਂ ਸਾਰੇ ਕਵੀ-ਦੋਸਤਾਂ ਨੂੰ ਵਧਾਈ ਦਿੰਦਾ ਹਾਂ ....ਔਰ ਇਨਕਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਸਾਡੇ ਬੀਚ ਆ ਕਰ ਸਾਨੂੰ ਨਿਵਾਜਿਆ ... ਆਜ ਦੀ ਅਤਿ ਰੰਗੀਨ, ਸੰਗੀਨ ਔਰ ਮਹੀਨ ਕਾਵਿ-ਮਈ ਸੰਧਿਆ ਇੱਥੇ ਹੀ ਇੱਤੀ ਹੁੰਦੀ ਹੈ ...ਸਾਥ ਹੀ ਸਾਥ ਮੈਂ ਮੰਚ-ਸੰਚਾਲਕ ਕੋ ਹਾਥ ਜੋੜ ਕਰ ਪ੍ਰਾਰਥਨਾ ਕਰੂੰਗਾ ਕਿ ਜਿਨ ਕਵੀਆਂ ਨੂੰ ਇਸ ਵਾਰ ਕੁੱਝ ਕਹਿਣੇ ਕਾ ਮੌਕਾ ਨਹੀਂ ਮਿਲਿਆ, ਉਨਕੋ ਅਗਲੀ ਕਾਵਿ-ਮਈ ਸ਼ਾਮ 'ਚ ਪ੍ਰਥਮ ਸਥਾਨ ਦੀਆ ਜਾਏ ... ਜਿਨਮੇਂ ਮੈਂ ਭੀ ਸ਼ਾਮਲ ਹਾਂ ...ਕੁੱਝ ਚਾਹ ਪਾਣੀ ਕਾ ਬੰਦੋਬਸਤ ਕੀਤਾ ਸੀ ...ਪਰ ਫਰੇਬੀ ਰੈਸਟੋਰੈਂਟ ਵਾਲੇ ਨੇ ਐਨ ਵਕਤ ਪਰ ਜਵਾਬ ਦੇ ਦੀਆ, ਕਿਉਂਕਿ ਅਭੀ ਪਿਛਲੇ ਮਹੀਨੇ ਕੀ ਕਾਵਿ-ਮਈ ਸ਼ਾਮ ਕੇ ਪੈਸੇ ਹਮਰੀ ਤਰਫ ਬਕਾਇਆ ਹੈ ... ਇਸ ਲਈ ਸੱਜਣੋ ਔਰ ਬਹਨੋਂ ...ਚਾਹ ਕਿਤੇ ਫਿਰ ਸਹੀ .... ।"

ਤਾੜੀਆਂ ਗੂੰਜੀਆਂ, ਕਵੀ-ਜਨ ਉੱਠੇ, ਸਭ ਨੇ ਮੇਰੇ ਨਾਲ ਹੱਥ ਮਿਲਾਇਆ ਤੇ ਵਿਦਾਈ ਲਈ। ਉਹ ਮੈਨੂੰ ਕਹਿ ਰਿਹਾ ਸੀ, "ਜੇ ਮੈਂ ਵੀ ਥੋੜੇ ਜਿੰਨਾ ਪੜ੍ਹਿਆ ਹੁੰਦਾ ਜੀ .... ਜੇ ਮੈਂ ਵੀ ਲੇਖਕ ਹੁੰਦਾ ਜੀ ... ਜੇ ਅੱਜ ਮੇਰੀ ਵੀ ਤੁਹਾਡੇ ਵਾਂਗ ਇੱਜ਼ਤ ਹੁੰਦੀ ਜੀ!!"

ਉਹ ਸੁੰਗੜ ਰਿਹਾ ਸੀ ਤੇ ਮੇਰੇ ਕੱਦ 'ਚ ਚਾਰ ਇੰਚ ਦੀ ਬੜੌਤਰੀ ਆ ਗਈ। ਇੱਕ ਕਵੀ ਨੇ ਸਾਨੂੰ ਉਸ ਦੇ ਰਿਸ਼ਤੇਦਾਰਾਂ ਕੋਲ ਪਹੁੰਚਾਣ ਦੀ ਕ੍ਰਿਪਾਲਤਾ ਕੀਤੀ। ਦੁਕਾਨ ਦੇ ਬਾਹਰ ਹੇਅਰ-ਸਟਾਈਲਿਸਟ ਦਾ ਫੱਟਾ ਪੜ੍ਹਕੇ ਅਸੀਂ ਅੰਦਰ ਪ੍ਰਵੇਸ਼ ਕਰ ਗਏ। ਦੇਖਦਿਆਂ ਹੀ ਉਸਦਾ ਰਿਸ਼ਤੇਦਾਰ ਬੋਲਿਆ, "ਉਹ ਬਈ ਸੌਰੀ ਆਂ .....ਐਥੇ ਆ ਆਪੁਇੰਟਮੈਂਟਾਂ ਹੀ ਕੁੱਝ ਜਿਆਦਾ ਸੈਨ ... ਕੰਮ 'ਚ ਕੁੱਝ ਯਾਦ ਹੀ ਨੀਂ ਰਿਹਾ .....ਏਅਰਪੋਰਟ ਤੇ ਨੀਂ ਆ ਹੋਇਆ ... ਕੰਮ ਸਹੁਰਾ ਸਾਹ ਨੀਂ ਲੈਣ ਦਿੰਦਾ।"

ਰਸਮੀ ਮੇਲ-ਮਿਲਾਪ ਤੋਂ ਬਾਅਦ ਮੈਂ ਵਿਦਾਈ ਮੰਗੀ। ਉਸ ਦਾ ਰਿਸ਼ਤੇਦਾਰ ਕਹਿ ਰਿਹਾ ਸੀ "ਲਓ ਜੀ ਐਨੇ ਲੰਬੇ ਸਫਰ ਤੋਂ ਆਏ ਓਂ ... ਥੱਕੇ ਹੋਂ ....ਤੁਹਾਨੂੰ ਗਰਮ ਕੀਤੇ ਬਿਨ੍ਹਾਂ ਜਾਣ ਦਿੰਨੇ ਆਂ ਅਸੀਂ!" ਤੇ ਡੇਢ ਹੱਥੀ ਬੋਤਲ ਉਸ ਸਾਡੇ ਸਾਹਮਣੇ ਰੱਖ ਦਿੱਤੀ।

ਵਕਤ ਗੁਜ਼ਰਦਾ ਗਿਆ। ਮੈਂ ਫਾਰਮਾਂ 'ਚ ਆਈਸ-ਕਰੀਮ ਦੀ ਖਾਲੀ ਬਾਲਟੀ ਲੱਕ ਨਾਲ ਲਪੇਟ ਕੇ ਬੇਰੀ ਤੋੜਨ ਦੀ ਜੌਬ ਤੇ ਲੱਗ ਗਿਆ। ਪੰਜ ਮਹੀਨੇ ਮਿੱਟੀ 'ਚ ਰੁਲਣ ਤੋਂ ਬਾਅਦ ਇੱਕ ਸਰਕਾਰੀ ਕਾਗ਼ਜ਼, ਜਿਸ ਨੂੰ ਇੰਡੋ-ਕਨੇਡੀਅਨ ਭਾਸ਼ਾ 'ਚ "ਸਟੈਂਪਾਂ" ਕਿਹਾ ਜਾਂਦਾ ਹੈ, ਫਾਰਮਰ ਨੇ ਹੱਥੀਂ ਫੜਾ ਦਿੱਤਾ, ਤੇ ਪੈਸੇ ਵੱਲੋਂ ਕੋਈ ਨਾ .... ਇੱਕ ਦੋ ਦਿਨ 'ਚ ਦੇਣ ਦਾ ਲੰਬਾ ਲਾਰਾ।

ਇੱਕ ਦਿਨ ਮੈਂ ਉਸ ਦੁਕਾਨ ਤੇ ਉਸ ਦਾ ਪਤਾ-ਸੁਤਾ ਲੈਣ ਗਿਆ। ਮੈਨੂੰ ਦੋ ਚਾਰ ਵਾਰ ਅੱਖਾਂ ਮਲਣੀਆਂ ਪਈਆਂ ਜਦੋਂ ਉਹਨੂੰ ਹੱਥ ਵਿੱਚ ਕੰਘਾ ਕੈਂਚੀ ਫੜ੍ਹੀ ਕਿਸੇ ਦੀ ਹਜ਼ਾਮਤ ਕਰਦੇ ਦੇਖਿਆ। ਹਥਲਾ ਕੰਮ ਮੁਕਾਉਹ ਮੇਰੇ ਕੋਲ ਆ ਕੇ ਬੋਲਿਆ, "ਸੁਣਾਓ ਜੀ ...ਕੀ ਹਾਲ ਆ ਜੀ?" "ਅੱਛਾ ਭਰਾ ... ਆਪਣਾ ਸੁਣਾ?" ਮੈਂ ਬੁਝੇ ਜਿਹੇ ਦਿਲ ਨਾਲ ਉਸ ਦੇ ਚਿਹਰੇ ਦੀ ਰੰਗਤ ਤੇ ਸਾੜਾ ਜਿਹਾ ਕਰਦਿਆਂ ਕਿਹਾ। "ਮਜ਼ੇ 'ਚ ਆਂ ਜੀ ...ਡਾਲਾ ਆਥਣ ਨੂੰ ਸੌ ਬਣਾ ਲਈਦਾ ਜੀ ...ਦੋ ਕੈਂਚੀਆਂ ਐਧਰ ...ਤੋ ਓਧਰ ....ਡਾਲੇ ਸੱਤ ਜੀ ...ਤੁਹਾਨੂੰ ਤਾਂ ਚੰਗੀ ਨੌਕਰੀ ਮਿਲ ਗਈ ਹੋਣੀ ਆ ਜੀ?"

"ਨੌਕਰੀ?" ਮੈਂ ਬੇਵਸੀ ਦਾ ਹਾਸਾ ਹੱਸਿਆ, "ਨੌਕਰੀ ਇੱਥੇ ਕਿੱਥੇ ...ਫਾਰਮਾਂ ਵਿੱਚ ਬੇਰੀ ਤੋੜੀ ਆ ...ਸਟੈਂਪਾ ਲਈ!" "ਤੁਸੀਂ ਫਾਰਮਾਂ 'ਚ ਜੀ .. ਹੁਣ ਉਹ ਅੱਖਾਂ ਮਲ ਰਿਹਾ ਸੀ, "ਉਥੇ ਕੀ ਬਣਦਾ ਜੀ ...ਮੈਂ ਸੁਣਿਆ ਡਾਲੇ ਦਸ ਨਹੀਂ ਬਣਦੇ ਜੀ ....ਫੇਰ ਤਾਂ ਕੁੱਝ ਨੀਂ ਜੀ ....ਮੈਂ ਤਾਂ ਜੀ ਨਵੀਂ ਕਾਰ ਲੈ ਲਈ ਜੀ ....ਤੇ ਹੁਣ ਘਰ ਲੈਣ ਦਾ 'ਰਾਦਾ ਜੀ ....!"

"ਚੰਗੀ ਗੱਲ ਐ ਮਿੱਤਰਾ ....ਚੰਗਾ ਹੋਇਆ ਤੂੰ ਪੜ੍ਹਿਆ ਨਹੀਂ .....!" "ਵਧੀਆ ਜੀ ...ਬਹੁਤ ਵਧੀਆ ...ਜੇ ਕਿਤੇ ਮੈਂ ਵੀ ਪੜ੍ਹ ਜਾਂਦਾ ...ਤਾਂ ਆ ਕੈਂਚੀਆਂ ਮਾਰਨੀਆਂ ਵੀ ਨੀਂ ਸੀ ਆਉਣੀਆਂ ...ਤੇ ਥੋਡੇ ਆਗੂੰ ਫਾਰਮਾਂ 'ਚ ਮੈਂ ਧੱਕੇ ਖਾਣੇ ਸੀ ਜੀ!" ਮੈਂ ਸੁੰਗੜ ਗਿਆ, ਪਰ ਉਸ ਦੇ ਕੱਦ ਵਿੱਚ ਚਾਰ ਫੁੱਟ ਦੀ ਬੜੌਤਰੀ ਆ ਗਈ।




ਏ. ਐਨ. ਸੀ. ਕੁਮਾਲੋ (ਦੱਖਣੀ ਅਫ਼ਰੀਕਾ)

ਲਾਲ ਸਾਡਾ ਰੰਗ

ਆਓ ਉਹ ਕਵਿਤਾਵਾਂ ਲਿਖੀਏ
ਜੋ ਲਹੂ ਰੰਗ ਦੀਆਂ ਹਨ
ਤੇ ਟੱਲੀਆਂ ਵਾਂਗ ਖੜਕਦੀਆਂ ਹਨ !

ਕਵਿਤਾਵਾਂ
ਜੋ ਜ਼ਾਲਮਾਂ ਦੇ ਚਿਹਰੇ ਨੋਚਣ
ਤੇ ਉਨ੍ਹਾਂ ਦੀ ਪਕੜ ਤੋੜਨ !

ਕਵਿਤਾਵਾਂ
ਜੋ ਆਦਮੀ ਨੂੰ ਨੀਂਦਰ ਤੋਂ ਜਗਾਉਣ
ਜ਼ਿੰਦਗੀ, ਨਾ ਕਿ ਮੌਤ
ਆਸ, ਨਾ ਕਿ ਉਦਾਸੀ
ਸਵੇਰ, ਨਾ ਕਿ ਹਨੇਰਾ
ਨਵਾਂ, ਨਾ ਕਿ ਪੁਰਾਣਾ
ਜੂਝਣਾ, ਨਾ ਕਿ ਝੁਕਣਾ

ਕਵੀਓ !
ਲੋਕਾਂ ਨੂੰ ਇਹ ਦੱਸੋ
ਕਿ ਸੁਪਨੇ ਸੱਚ ਵੀ
ਬਣ ਸਕਦੇ ਹਨ !
ਆਜ਼ਾਦੀ ਦੀ ਗੱਲ ਕਰੋ
ਅਤੇ ਅਮੀਰਾਂ ਨੂੰ
ਆਪਣੇ ਪਾਰਲਰ ਦੀਆਂ ਕੰਧਾਂ
ਸੁਗੰਧੀਆਂ ਵਾਲੀਆਂ ਲੀਕਾਂ ਨਾਲ ਭਰਨ ਦਿਓ

ਆਜ਼ਾਦੀ ਦੀ ਗੱਲ ਕਰੋ
ਤੇ ਲੋਕਾਂ ਦੀਆਂ ਅੱਖਾਂ
ਸ਼ਕਤੀ ਤੇ ਗਿਆਨ ਨਾਲ ਭਰਪੂਰ ਕਰੋ
ਉਨ੍ਹਾਂ ਹਜ਼ਾਰਾਂ ਲੋਕਾਂ ਦੀਆਂ
ਜੋ ਜੇਲ੍ਹ ਦੀਆਂ ਸੀਖਾਂ ਨੂੰ ਘਾਹ ਵਾਂਗ ਮੋੜ ਦੇਣ
ਤੇ ਗਰਨਾਈਟ ਦੀਆਂ ਕੰਧਾਂ ਸਿੱਧ ਪੱਧਰੀਆਂ ਕਰ ਦੇਣ ।

ਕਵੀਓ !
ਲੋਕਾਂ ਨੂੰ ਕੁੰਜੀ ਲੱਭਣ ਵਿਚ ਮੱਦਦ ਦਿਓ

(ਨਸਲਵਾਦ-ਵਿਰੋਧੀ ਕਵਿਤਾਵਾਂ ਦਾ ਸੰਗ੍ਰਹਿ)

# INDO-CANADIANS EXPRESS DEEP SORROW AND GRIEF

## ON THE LOSS OF THE

# THE INDIAN PRIME MINISTER



MRS. INDIRA GANDHI

## INDO-CANADIAN FRIENDSHIP SOCIETY VANCOUVER, B.C.

(Paid By Society)

# "ਪਰਗਟੇ ਨਾਨਕ ਰਾਇ"

- ਸਰਦਾਰ ਗੁਰਚਰਨ ਸਿੰਘ ਜੀ 'ਟੌਹੜਾ'

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਅਤੇ ਉਹਨਾਂ ਦੀ ਮਨੁੱਖਤਾ ਨੂੰ ਸਦੀਵੀ ਦੇਣ ਬਾਰੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਬਚਿੱਤਰ ਨਾਟਕ ਵਿੱਚ ਫੁਰਮਾਂਦੇ ਹਨ -

ਤਿਨ ਬੇਦੀਅਨ ਕੇ ਕੁੱਲ ਵਿਖੇ ਪ੍ਰਗਟੇ ਨਾਨਕ ਰਾਇ ॥
ਸਭ ਸਿਖਨ ਕੋ ਸੁਖ ਦਏ, ਜਹ ਤਹ ਭਏ ਸਹਾਇ ॥

ਚੌਪਈ

ਤਿਨ ਇਹ ਕਲ ਮੇ ਧਰਮ ਚਲਾਯੋ ॥
ਸਭ ਸਾਧਨ ਕੋ ਰਾਹੁ ਬਤਾਯੋ ॥
ਜੋ ਤਾ ਕੇ ਮਾਰਗ ਮਹਿ ਆਏ,
ਤੇ ਕਬਹੂੰ ਨਹੀਂ ਪਾਪ ਸੰਤਾਏ ॥
ਜੇ ਜੇ ਪੰਥ ਤਵਨ ਕੇ ਪਰੇ ॥
ਪਾਪ ਤਾਪ ਤਿਨ ਕੇ ਪ੍ਰਭ ਹਰੇ ॥
ਦੂਖ ਭੂਖ ਕਬਹੂੰ ਨਾ ਸੰਤਾਏ ॥
ਜਾਲ ਕਾਲ ਕੇ ਬੀਚ ਨਾ ਆਏ ॥

ਸਪੱਸ਼ਟ ਨੂੰ ਕਿ ਦਸਮ ਪਾਤਸ਼ਾਹ ਜੀ ਦੇ ਮਹਾਂਵਾਕ ਮੁਤਾਬਿਕ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਦੁਆਰਾ ਮਨੁੱਖੀ ਸਮਾਜ ਵਿੱਚ ਕੁੱਝ ਅਜੇਹੇ ਮੁੱਢਲੇ ਪਰਿਵਰਤਨ ਆਏ ਜਿੰਨ੍ਹਾਂ ਨੇ ਇਸ ਜੁਗ ਦੀ ਨੁਹਾਰ ਹੀ ਬਦਲ ਕੇ ਰੱਖ ਦਿੱਤੀ ਅਤੇ ਮਨੁੱਖੀ ਸਮਾਜ ਨੂੰ ਇੱਕ ਨਵੀਂ ਤੇ ਨਰੋਈ ਸੇਧ ਦਿੱਤੀ। ਉਹਨਾਂ ਪਰਿਵਰਤਨਾਂ ਦੀ ਮਹੱਤਤਾ ਅਤੇ ਮਹਾਨਤਾ ਨੂੰ ਮੁਕੰਮਲ ਤੌਰ ਤੇ ਪਹਿਚਾਨਣ ਦੇ ਅੱਜ ਵੀ ਯਤਨ ਹੋ ਰਹੇ ਹਨ ਅਤੇ ਜਿਉਂ ਜਿਉਂ ਉਹਨਾਂ ਦਾ ਡੂੰਘਾ ਅਧਿਐਨ ਹੋ ਰਿਹਾ ਹੈ, ਤਿਉਂ ਤਿਉਂ ਉਹਨਾਂ ਦੇ ਮਨੁੱਖੀ ਕਲਿਆਣ ਹਿੱਤ ਮਹੱਤਵ-ਪੂਰਣ ਸਦੀਵੀ ਤੱਥ ਉਜਾਗਰ ਹੋ ਕੇ ਸਾਹਮਣੇ ਆ ਰਹੇ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਸਮੇਂ ਸਾਰੀ ਦੁਨੀਆਂ ਵਿੱਚ ਅਤੇ ਵਿਸ਼ੇਸ਼ ਕਰ ਹਿੰਦੁਸਤਾਨ ਵਿੱਚ ਇਨਸਾਨ ਦੀ ਜੋ ਦੁਰਦਸ਼ਾ ਸੀ ਉਸ ਬਾਰੇ ਹੋਰ ਸਮਕਾਲੀ ਅਤੇ ਨਿਕਟ ਸਮਕਾਲੀ ਸੂਤਰਾਂ ਤੋਂ ਇਲਾਵਾ ਗੁਰੂ ਨਾਨਕ ਦੇਵ ਜੀ ਦੀ ਆਪਣੀ ਬਾਣੀ ਤੋਂ ਸਾਫ ਅਤੇ ਸਪੱਸ਼ਟ ਸੰਕੇਤ ਮਿਲਦੇ ਹਨ। ਸਮਾਜੀ, ਸਿਆਸੀ ਅਤੇ ਧਾਰਮਿਕ ਹਰ ਪੱਖੋਂ ਇਨਸਾਨ ਤੇਜ਼ੀ ਨਾਲ ਅਧੋਗਤੀ ਦੇ ਰਾਹ ਤੇ ਪਤਾਲ ਵੱਲ ਡਿੱਗ ਰਿਹਾ ਸੀ ਅਤੇ ਉਸ ਦੇ ਬਚਾਅ ਦੀ ਕੋਈ ਸੂਰਤ ਬਾਕੀ ਨਹੀਂ ਰਹਿ ਗਈ ਸੀ ਜਾਪਦੀ। ਸਮਾਜ ਅਤੇ ਧਰਮ ਦੇ ਠੇਕੇਦਾਰਾਂ ਨੇ ਅਤੇ ਰਾਜਸੀ ਖੇਤਰ ਵਿੱਚ ਰਾਜ-ਸੱਤਾ ਦੇ ਉਚ ਅਧਿਕਾਰੀਆਂ ਨੇ ਲੁਕਾਈ ਲਈ ਸੁੱਖ ਦਾ ਸਾਹ ਲੈਣਾ ਵੀ ਔਖਾ ਕਰ ਰੱਖਿਆ ਸੀ। ਹਿੰਦੂ ਮੁਸਲਮਾਨ ਦੋਵੇਂ ਆਪਣੇ ਧਰਮ ਦੇ ਉਦਾਰ ਮੰਤਵਾਂ ਨੂੰ ਭੁਲਾ ਕੇ ਸੰਪਰਦਾਇਕਤਾ ਦੇ ਗੜੇ ਵਿੱਚ ਡਿੱਗੇ ਹੋਏ ਸਨ ਅਤੇ ਧਰਮ ਦੇ ਵਾਸਤਵਿਕ ਸਰੂਪ ਨੂੰ ਭੁਲਾ ਕੇ ਬਾਹਰੀ ਅਡੰਬਰਾਂ ਅਤੇ ਰਹੁ-ਰੀਤੀਆਂ ਦਾ ਸ਼ਿਕਾਰ ਹੋ ਚੁੱਕੇ ਸਨ। ਅਗਿਆਨਤਾ ਕਾਰਨ ਇਕ ਸਧਾਰਨ ਵਿਅਕਤੀ ਦੀ ਗਰਦਨ ਦੁਆਲੇ ਇਹਨਾਂ ਧਰਮ ਅਤੇ ਸਮਾਜ ਦੇ ਠੇਕੇਦਾਰਾਂ ਦਾ ਜੂੜ-ਜੱਫਾ ਹੋਰ ਵੀ ਪੀਡਾ ਅਤੇ ਸਾਹ ਘੁੱਟਵਾਂ ਹੋ ਚੁੱਕਾ ਸੀ। ਅਖੌਤੀ ਨੀਵੀਆਂ ਜਾਤਾਂ ਦੀ ਹਾਲਤ ਤਾਂ ਉੱਕਾ ਹੀ ਤਰਸਯੋਗ ਸੀ। ਭੇਖੀ ਅਤੇ ਪਾਖੰਡੀ ਆਗੂਆਂ ਮਗਰ ਲੱਗ ਕੇ ਕੂੜ ਕਪਟ ਅਤੇ ਉਚ-ਨੀਚ ਦੇ ਘੁੱਪ ਹਨੇਰੇ ਵਿੱਚ ਉਹ ਅਤਿ ਪੀੜਤ ਹਾਲਤ ਵਿੱਚ ਕੁਰਾਹ ਰਹੇ ਸੀ, ਪਰੰਤੂ ਉਹਨਾਂ ਨੂੰ ਰਾਹ ਦੱਸਣ ਵਾਲਾ ਕੋਈ ਨਹੀਂ ਸੀ। ਰਾਜਸੀ ਖੇਤਰ ਵਿੱਚ ਅਧੋਗਤੀ ਦੀ ਹਾਲਤ ਆਪਣੀਆਂ ਸਿਖਰਾਂ ਨੂੰ ਛੋਹ ਰਹੀ ਸੀ। ਜੋਰ-ਜਬਰ, ਲੁੱਟ-ਘਸੁੱਟ ਅਤੇ ਅਨਿਆਏ ਦਾ ਦੌਰ ਦੌਰਾ ਸੀ। ਰਾਜਿਆਂ ਦੇ ਮੂੰਹ ਲਹੂ ਲਿਬੜੇ ਸਨ ਅਤੇ ਆਪਣੀ ਐਸ਼ ਇਸ਼ਰਤ ਖਾਤਰ ਗਰੀਬਾਂ ਦਾ ਖੂਨ ਚੂਸਿਆ ਜਾ ਰਿਹਾ ਸੀ। ਇਸੇ ਹੀ ਹਨੇਰ ਗਰਦੀ ਦਾ ਜ਼ਿਕਰ ਕਰਦਿਆਂ ਗੁਰੂ ਸਾਹਿਬ ਨੇ ਫੁਰਮਾਇਆ ਹੈ —

ਸਰਮੁ ਧਰਮੁ ਦੁਇ ਛਪਿ ਖਲੋਏ,
ਕੂੜੁ ਫਿਰੈ ਪਰਧਾਨੁ ਵੇ ਲਾਲੋ ॥

ਅਤੇ - ਰਾਜੇ ਸੀਂਹ ਮੁਕਦਮ ਕੁਤੇ ॥
ਜਾਇ ਜਗਾਇਨਿ ਬੈਠੇ ਸੁੱਤੇ ॥

ਇਸੇ ਹੀ ਪ੍ਰਸੰਗ ਵਿੱਚ ਭਾਈ ਗੁਰਦਾਸ ਜੀ ਫੁਰਮਾਉਂਦੇ ਹਨ:—

ਕਲਿ ਆਈ ਕੁਤੇ ਮੁਹੀ ਖਾਜੁ ਹੋਆ ਮੁਰਦਾਰ ਗੁਸਾਈ।
ਰਾਜੇ ਪਾਪੁ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ।
ਪਰਜਾ ਅੰਧੀ ਗਿਆਨ ਬਿਨੁ ਕੂੜ ਕੁਸਤੁ ਮੁਖਹੁ ਆਲਾਈ।...
ਕਾਜੀ ਹੋਏ ਰਿਸਵਤੀ ਵਢੀ ਲੈ ਕੇ ਹਕੁ ਗਵਾਈ।
ਇਸਤ੍ਰੀ ਪੁਰਖੈ ਦਾਮਿ ਹਿਤੁ ਭਾਵੈ ਆਇ ਕਿਥਾਊ ਜਾਈ।
ਵਰਤਿਆ ਪਾਪੁ ਸਭਸਿ ਜਗਿ ਮਾਂਹੀ ॥

ਜ਼ਾਹਿਰ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਸਮੇਂ ਚਾਰੇ ਪਾਸੇ ਅਗਿਆਨਤਾ, ਜ਼ੁਲਮ ਅਤੇ ਜਬਰ-ਕੂੜ ਅਤੇ ਕਪਟ ਦਾ ਦੌਰ ਦੌਰਾ ਸੀ ਅਤੇ ਸਾਰੀ ਲੁਕਾਈ ਇਸ ਦੇ ਬੋਝ ਹੇਠਾਂ ਵਿਲਕ ਰਹੀ ਸੀ ਮਗਰ ਉਸ ਦੀ ਦਾਦ ਪੁਰਸ ਕਰਨ ਵਾਲਾ ਕੋਈ ਵੀ ਨਹੀਂ ਸੀ।

ਇਸੇ ਵਿਲਕਦੀ ਲੁਕਾਈ ਦੀ ਪੁਕਾਰ ਨੂੰ ਸੁਣ ਕੇ ਵਾਹਿਗੁਰੂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਇਸ ਜੱਗ ਵਿੱਚ ਪ੍ਰਵੇਸ਼ ਕਰਨ ਲਈ ਆਦੇਸ਼ ਦਿੱਤਾ —

ਸੁਣੀ ਪੁਕਾਰਿ ਦਾਤਾਰ ਪ੍ਰਭੁ,
ਗੁਰੂ ਨਾਨਕ ਜਗ ਮਾਹਿ ਪਠਾਇਆ ॥

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਦੋਂ ਚਾਰੇ ਪਾਸੇ ਨਜ਼ਰ ਮਾਰੀ ਤਾਂ ਉਹਨਾਂ ਨੇ ਹਰ ਜਗ੍ਹਾ ਮਨੁੱਖ ਨੂੰ ਜ਼ੁਲਮ ਦੀ ਅੱਗ ਵਿੱਚ ਜਲਦਿਆਂ ਦੇਖਿਆ, ਉਹਨਾਂ ਦਾ ਹਿਰਦਾ ਅਤਿ ਪੀੜਤ ਹੋ ਉਠਿਆ ਅਤੇ ਉਹ ਇਸ ਹਾਲਤ ਨੂੰ ਸੋਧਣ ਦੇ ਪੱਕੇ ਇਰਾਦੇ ਨਾਲ ਘਰ ਬਾਹਰ ਤਿਆਗ ਸੰਸਾਰ ਯਾਤਰਾ ਤੇ ਨਿਕਲ ਤੁਰੇ।

ਸ੍ਰੀ ਗੁਰੂ ਨਾਨਕ ਦੇਵ ਜੀ ਇੱਕ ਸੱਚੇ ਕਰਾਂਤੀਕਾਰੀ ਵਾਂਗੂੰ ਚੰਗੀ ਤਰ੍ਹਾਂ ਜਾਣਦੇ ਸਨ ਕਿ ਜਿਹੜੀਆਂ ਸਵਾਰਥੀ ਅਤੇ ਸ਼ਕਤੀਸ਼ਾਲੀ ਤਾਕਤਾਂ ਹਜ਼ਾਰਾਂ ਸਾਲਾਂ ਤੋਂ ਆਪਣੇ ਆਪਣੇ ਮਜ਼ਬੂਤ ਗੜ੍ਹਾਂ ਵਿੱਚ ਬੈਠੀਆਂ ਆਪਣੀ ਅਯੋਗ ਕਮਾਈ ਦਾ ਰਸ ਮਾਣ ਰਹੀਆਂ ਹਨ, ਉਹਨਾਂ ਨਾਲ ਜੂਝਣਾ ਅਤੇ ਉਹਨਾਂ ਨੂੰ ਵੰਗਾਰਨਾ ਕੋਈ ਸੌਖਾ ਕੰਮ ਨਹੀਂ ਅਤੇ ਉਹਨਾਂ ਨੂੰ ਉਖੇੜਨ ਲਈ ਵੱਡੀ ਤੋਂ ਵੱਡੀ ਕੁਰਬਾਨੀ ਦੀ ਲੋੜ ਵੀ ਪੈ ਸਕਦੀ ਹੈ। ਇਸੇ ਵਾਸਤੇ ਉਹਨਾਂ ਨੇ ਚਿਤਾਵਨੀ ਦਿੱਤੀ ਕਿ ਜੋ ਕੋਈ ਵੀ ਉਹਨਾਂ ਦੇ ਰਸਤੇ ਤੇ ਚੱਲਣ ਦਾ ਚਾਹਵਾਨ ਹੈ ਤਾਂ ਉਸ ਨੂੰ ਹੌਸਲੇ ਅਤੇ ਹਿੰਮਤ ਨੂੰ ਪੱਲੇ ਬੰਨ੍ਹ ਕੇ ਆਪਣੀ ਜਾਨ ਤੱਕ ਦੀ ਬਾਜ਼ੀ ਲਾਉਣ ਵਾਸਤੇ ਹਮੇਸ਼ਾ ਤਿਆਰ ਰਹਿਣਾ ਚਾਹੀਦਾ ਹੈ।

ਜੋ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰ ਧਰ ਤਲੀ ਗਲੀ ਮੇਰੀ ਆਉ ॥




ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧਰਮ ਦੇ ਉਹਨਾਂ ਠੇਕੇਦਾਰਾਂ ਨੂੰ ਜਿਹੜੇ ਧਰਮ ਦੇ ਨਾਂ ਤੇ ਲੋਕਾਂ ਨੂੰ ਠੱਗ ਰਹੇ ਸਨ, ਪਹਿਲੇ ਪਹਿਲ ਸੁਲਤਾਨਪੁਰ ਵਿਖੇ ਵੰਗਾਰਿਆ ਜਦੋਂ ਉਹਨਾਂ ਨੇ ਉਹਨਾਂ ਦਾ ਪਾਜ ਖੋਲ੍ਹਦਿਆਂ ਫੁਰਮਾਇਆ:

ਨਾ ਕੋਈ ਹਿੰਦੂ, ਨਾ ਕੋਈ ਮੁਸਲਮਾਨ ॥

ਇਹਨਾਂ ਸਧਾਰਨ ਸ਼ਬਦਾਂ ਦੀ ਬੁੱਕਲ ਵਿੱਚ ਇੱਕ ਐਸਾ ਇਨਕਲਾਬ ਲੁਕਿਆ ਹੋਇਆ ਸੀ, ਜਿਸ ਨੂੰ ਉਸ ਵੇਲੇ ਦੇ ਅਕਲ ਦੇ ਅੰਧੇ ਛੇਤੀ ਪਹਿਚਾਣ ਨਾ ਸਕੇ ਅਤੇ ਗੁਰੂ ਸਾਹਿਬ ਨੂੰ 'ਦੀਵਾਨਾ' ਤੱਕ ਕਹਿ ਦਿੱਤਾ, ਪਰੰਤੂ ਥੋੜ੍ਹੇ ਹੀ ਸਮੇਂ ਬਾਅਦ ਇਸੇ ਇਨਕਲਾਬ ਨੇ ਇਹਨਾਂ ਗੈਰ ਇਨਸਾਨੀ ਅਖੌਤੀ ਧਾਰਮਿਕ ਆਗੂਆਂ ਨੂੰ ਉਖੇੜ ਕੇ ਇੱਕ ਨਵੀਂ ਅਤੇ ਸੁਚੱਜੀ ਜੀਵਨ ਜਾਚ ਦਾ ਸ਼ਾਨਦਾਰ ਮਹਲ ਉਸਾਰਿਆ।

ਗੁਰੂ ਨਾਨਕ ਦੇਵ ਜੀ ਪਹਿਲੇ ਪੈਗੰਬਰ ਸਨ ਜਿਸ ਨੇ ਪਹਿਲੀ ਵਾਰੀ ਇਹ ਪਹਿਚਾਨਿਆ ਕਿ ਸਿਆਸੀ ਅਧੋਗਤੀ ਦੇ ਮਾਹੌਲ ਵਿੱਚ ਕੋਈ ਵੀ ਧਰਮ ਅਤੇ ਸਮਾਜ ਹਮੇਸ਼ਾ ਵਾਸਤੇ ਸੁਰਖਸ਼ਤ ਨਹੀਂ ਰਹਿ ਸਕਦਾ। ਇਸ ਵਾਸਤੇ ਉਹਨਾਂ ਨੇ ਇੱਕ ਐਸੇ ਰਾਜਸੀ ਢਾਂਚੇ ਦੀ ਜਰੂਰਤ ਤੇ ਬਲ ਦਿੱਤਾ ਜਿਹੜਾ ਮੁੱਢਲੇ ਮਨੁੱਖੀ ਅਧਿਕਾਰਾਂ ਨੂੰ ਸਤਿਕਾਰ, ਉਹਨਾਂ ਦੀ ਰਾਖੀ ਕਰ ਸਕੇ। ਇਸ ਉਦੇਸ਼ ਨਾਲ ਉਹਨਾਂ ਨੇ ਭੇਖੀ ਅਤੇ ਪਾਖੰਡੀ ਧਾਰਮਿਕ ਆਗੂਆਂ ਦੇ ਨਾਲ ਨਾਲ ਆਚਰਣ ਹੀਨ ਅਤੇ ਜ਼ਾਲਮ ਰਾਜਸੀ ਆਗੂਆਂ ਦੇ ਮੂੰਹ ਤੋਂ ਵੀ ਨਕਾਬ ਉਠਾ ਕੇ ਉਹਨਾਂ ਨੂੰ ਲੋਕਾਂ ਦੇ ਸਾਹਮਣੇ ਉਹਨਾਂ ਦੇ ਅਸਲੀ ਰੰਗ ਵਿੱਚ ਪੇਸ਼ ਕੀਤਾ।

ਰਾਜੇ ਸ਼ੀਂਹ ਮੁਕਦਮ ਕੁਤੇ। ਜਾਇ ਜਗਾਇਨਿ ਬੈਠੇ ਸੁਤੇ।

ਜਿਸ ਸਮੇਂ ਰਾਜੇ ਮਹਾਰਾਜਾ ਆਪਣੇ ਆਪ ਨੂੰ ਪਰਮਾਤਮਾ ਦਾ ਰੂਪ ਦੱਸ ਕੇ ਸਧਾਰਨ ਅਤੇ ਭੋਲੇ ਭਾਲੇ ਲੋਕਾਂ ਨੂੰ ਆਪਣੀ ਹਵਸ਼ ਦਾ ਸ਼ਿਕਾਰ ਬਣਾ ਰਹੇ ਸੀ ਉਸ ਵੇਲੇ ਉਹਨਾਂ ਨੂੰ ਕੁੱਤੇ ਅਤੇ ਸ਼ੀਂਹ ਕਹਿਣ ਜਿੱਥੇ ਇੱਕ ਬੜੇ ਵੱਡੇ ਇਨਕਲਾਬ ਦਾ ਬਿਗਲ ਵਜਾਉਣਾ ਸੀ ਉਥੇ ਨਾਲ ਹੀ ਇੱਕ ਬਹੁਤ ਵੱਡੇ ਅਤੇ ਸ਼ਕਤੀਸ਼ਾਲੀ ਖਤਰੇ ਨੂੰ ਮੁੱਲ ਲੈਣਾ ਵੀ ਸੀ, ਜਿਹੜਾ ਜਾਨ ਲੇਵਾ ਵੀ ਸਾਬਤ ਹੋ ਸਕਦਾ ਸੀ, ਪ੍ਰੰਤੂ ਲੋਕਾਂ ਨੂੰ ਨਿਡਰ ਤਾਂ ਹੀ ਬਣਾਇਆ ਜਾ ਸਕਦਾ ਸੀ ਜੇ ਉਹਨਾਂ ਸਾਮਹਣੇ ਆਪਣੀ ਨਿਡਰਤਾ ਦਾ ਸਬੂਤ ਰੱਖਿਆ ਜਾਵੇ। ਇਸ ਵਾਸਤੇ ਗੁਰੂ ਨਾਨਕ ਦੇਵ ਜੀ ਨੇ ਬਿਨਾਂ ਕਿਸੇ ਡਰ ਅਤੇ ਲਗ ਲਪੇਟ ਦੇ ਲੋਧੀ ਅਤੇ ਬਾਬਰ ਵਰਗੇ ਸ਼ਕਤੀਸ਼ਾਲੀ ਅਤੇ ਕਠੋਰ ਚਿੱਤ ਹਾਕਮਾਂ ਨੂੰ ਉਹਨਾਂ ਦੇ ਮੂੰਹ ਤੇ ਜ਼ਾਲਮ ਅਤੇ ਜਾਬਰ ਆਖਿਆ ਅਤੇ ਚਿਤਾਵਨੀ ਦਿੱਤੀ ਕਿ ਜੇ ਉਹਨਾਂ ਨੇ ਜ਼ੁਲਮ ਦਾ ਰਾਹ ਨਾ ਛੱਡਿਆ ਤਾਂ ਉਹਨਾਂ ਦਾ ਉਹ ਹਸ਼ਰ ਹੋਵੇਗਾ ਕਿ ਉਹਨਾਂ ਲਈ ਦੋ ਹੰਝੂ ਤੱਕ ਵਗਾਣ ਵਾਲਾ ਵੀ ਕੋਈ ਨਹੀਂ ਹੋਵੇਗਾ। ਦੂਜੇ ਪਾਸੇ ਸੈਂਕੜੇ ਸਾਲਾਂ ਤੋਂ ਚੁੱਪ ਚਾਪ ਜ਼ੁਲਮ ਅਤੇ ਜਬਰ ਦਾ ਸ਼ਿਕਾਰ ਹੋਏ ਮਾਸੂਮ ਲੋਕਾਂ ਨੂੰ ਅਗਿਆਨ ਦੀ ਨੀਂਦ ਤੋਂ ਜਗਾਇਆ ਅਤੇ ਸਪੱਸ਼ਟ ਕੀਤਾ ਕਿ ਰਾਜੇ ਰੱਬ ਦਾ ਰੂਪ ਨਹੀਂ। ਉਹਨਾਂ ਦੇ ਹੀ ਬਣਾਏ ਹਨ ਅਤੇ ਉਹਨਾਂ ਦੇ ਸੇਵਾਦਾਰ ਹਨ ਜੇ ਇਹ ਉਹ ਚੰਗਾ ਪ੍ਰਬੰਧ ਨਹੀਂ ਦੇ ਸਕਦੇ ਤਾਂ ਇਹਨਾਂ ਨੂੰ ਤਖਤ ਤੇ ਬੈਠਣ ਦਾ ਕੋਈ ਹੱਕ ਨਹੀਂ।

'ਤਖਤ ਬਹੈ ਤਖੈਤੇ ਕੇ ਲਾਇਕ।'

ਸਿਰਫ ਉਹ ਹੀ ਤਖਤ ਤੇ ਬੈਠਣ ਦਾ ਹੱਕਦਾਰ ਹੈ ਜੋ ਪਰਜਾ ਪ੍ਰਤੀ ਆਪਣੀਆਂ ਜ਼ੁੰਮੇਵਾਰੀਆਂ ਨੂੰ ਪੂਰੀ ਤਰ੍ਹਾਂ ਨਿਭਾ ਸਕੇ ਅਤੇ ਉਸ ਦੇ ਮੁੱਢਲੇ ਜਨਮ ਅਧਿਕਾਰਾਂ ਦੀ ਰਾਖੀ ਕਰ ਸਕੇ।

ਗੁਰੂ ਸਾਹਿਬ ਨੇ ਸਚਿਆਰਤਾ, ਸਮਤਾ ਅਤੇ ਅਡੋਲਤਾ ਦੇ ਗੁਣਾਂ ਤੇ ਬਲ ਦਿੱਤਾ ਅਤੇ ਇੱਕ ਪਰਮਾਤਮਾ ਤੇ ਦ੍ਰਿੜ ਵਿਸ਼ਵਾਸ਼ ਰੱਖ ਕੇ ਨਾਮ ਜਪਣ, ਕਿਰਤ ਕਰਨ ਅਤੇ ਵੰਡ ਛਕਣ ਦਾ ਗਾਡੀ ਰਾਹ ਦਰਸਾਇਆ ਜਿਸ ਤੇ ਚੱਲ ਕੇ ਹੀ ਇਨਸਾਨ ਲਈ ਬਹੁ-ਪੱਖੀ ਅਧਿਆਤਮਕ ਅਤੇ ਸੰਸਾਰਕ ਉਨਤੀ ਮੁਮਕਿਨ ਹੋ ਸਕਦੀ ਹੈ। ਗੁਰੂ ਸਾਹਿਬ ਚੰਗੀ ਤਰ੍ਹਾਂ ਜਾਣਦੇ ਹਨ ਕਿ ਇੱਕ ਨਿਰਬਲ ਅਤੇ ਰੋਗੀ ਸਮਾਜ ਰਿਸ਼ਟ ਪੁਸ਼ਟ ਅਤੇ ਅਰੋਗ ਇਨਸਾਨ ਨੂੰ ਜਨਮ ਕਦਾਚਿਤ ਨਹੀਂ ਦੇ ਸਕਦਾ। ਇਸੇ ਵਾਸਤੇ ਉਹਨਾਂ ਨੇ ਊਚ-ਨੀਚ, ਜਾਤ-ਪਾਤ, ਕੂੜ-ਕਪਟ ਨੂੰ ਦੂਰ ਕਰ ਸਮਾਨਤਾ ਅਤੇ ਬਰਾਬਰੀ ਦੇ ਆਧਾਰ ਤੇ ਆਪਸੀ ਵਿਸ਼ਵਾਸ ਅਤੇ ਭਾਈਚਾਰੇ ਤੇ ਜ਼ੋਰ ਦਿੱਤਾ। ਜਿਸ ਇਸਤਰੀ ਜਾਤੀ ਨੂੰ ਸਦੀਆਂ ਤੋਂ ਦੁਰਕਾਰਿਆ ਜਾ ਰਿਹਾ ਸੀ, ਉਸ ਨੂੰ ਗੁਰੂ ਸਾਹਿਬ ਨੇ ਮਨੁੱਖੀ ਸਮਾਜ ਦਾ ਮੁੱਢਲਾ ਅਤੇ ਸਤਿਕਾਰ ਯੋਗ ਅੰਗ ਦੱਸਿਆ —

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਹਿਲੀ ਵਾਰੀ ਇਨਸਾਨ ਨੂੰ ਇੱਕ ਬਹੁ-ਪੱਖੀ, ਸੁਤੰਤਰ ਅਤੇ ਸੰਤੁਲਤ ਜੀਵਨ-ਜਾਂਚ ਦਾ ਧਾਰਨੀ ਬਣਾਇਆ। ਉਹ ਇੱਕ ਯੁਗ ਦੀ ਉਪਜ ਨਹੀਂ ਸਗੋਂ ਇੱਕ ਨਵੇਂ ਪ੍ਰਕਾਸ਼-ਮਈ ਯੁਗ ਦੇ ਨਿਰਮਾਤਾ ਸਨ ———

ਸਤਿਗੁਰੁ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।

---

(ਪੰਨਾ 16 ਦੀ ਬਾਕੀ)

ਚਾਹੁੰਦੀ ਹੈ ਕਿ ਸਾਡੀ ਕਮਿਉਨਿਟੀ ਦੇ ਲੋਕ ਆਪਣੀਆਂ ਅਸਲੀ ਮੁਸ਼ਕਲਾਂ ਵੱਲ ਧਿਆਨ ਦੇਣ। ਜਿਵੇਂ :— ਨਸਲਵਾਦ, ਖੇਤਾਂ ਵਿਚ ਖੇਤ ਮਜ਼ਦੂਰਾਂ ਦੀ ਲੁੱਟ, ਪੰਜਾਬੀ ਬੱਚਿਆਂ ਦੇ ਸਕੂਲਾਂ ਵਿਚ ਮਾੜੇ ਨਤੀਜੇ ਆਦਿ। ਉਨ੍ਹਾਂ ਕਿਹਾ ਕਿ ਕਵੀ ਗੁਰਚਰਨ ਰਾਮਪੁਰੀ ਤੇ ਹੋਇਆ ਇਹ ਹਮਲਾ ਸਾਰੇ ਲੇਖਕਾਂ ਦੀ ਲਿਖਣ, ਬੋਲਣ ਦੀ ਆਜ਼ਾਦੀ ਨੂੰ ਚੈਲਿੰਜ ਹੈ ਅਤੇ ਸਾਰੇ ਲੇਖਕਾਂ ਅਤੇ ਲੇਖਕ ਜਥੇਬੰਦੀਆਂ ਨੂੰ ਇਸ ਚੈਲਿੰਜ ਨੂੰ ਕਬੂਲ ਕਰਨਾ ਚਾਹੀਦਾ ਹੈ। ਅਸੀਂ ਲੇਖਕਾਂ ਦਾ ਇਕ ਗਰੁਪ ਹੁੰਦੇ ਹੋਏ ਇਸ ਚੈਲਿੰਜ ਨੂੰ ਸਵੀਕਾਰ ਕਰਦੇ ਹਾਂ।"

ਇਪਾਨਾ ਦੇ ਪ੍ਰਧਾਨ ਹਰਿੰਦਰ ਮਾਹਿਲ ਨੇ ਸਭ ਤੋਂ ਪਹਿਲਾਂ ਲੋਕ ਸਦਭਾਵਨਾ ਮੰਚ ਨੂੰ ਇਸ ਤਰ੍ਹਾਂ ਦੀ ਮੀਟਿੰਗ ਕਰਨ ਲਈ ਵਧਾਈ ਦਿਤੀ। ਕਿਉਂਕਿ ਇਹ ਮੀਟਿੰਗ ਇਸ ਸੰਕਟ ਭਰੇ ਸਮੇਂ ਵਿਚ ਇਸ ਤਰ੍ਹਾਂ ਦੀ ਪਹਿਲੀ ਮੀਟਿੰਗ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਨੇੜ ਭਵਿਖ ਵਿਚ ਬਾਕੀ ਦੀਆਂ ਜਥੇਬੰਦੀਆਂ ਵੀ ਅਜਿਹੀਆਂ ਹੋਰ ਮੀਟਿੰਗਾਂ ਕਰਨਗੀਆਂ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਜਥੇਬੰਦੀ ਪਹਿਲਾਂ ਹੀ ਭਾਰਤ ਦੀ ਸਰਕਾਰ ਵਲੋਂ ਪੰਜਾਬ ਉਪਰ ਕੀਤੇ ਫੌਜੀ ਹਮਲੇ ਦੀ ਨਿਖੇਧੀ ਕਰ ਚੁਕੀ ਹੈ ਅਤੇ ਸਮਝਦੀ ਹੈ ਹਰ ਡੈਮੋਕਰੈਟਿਕ ਸੰਸਥਾ ਨੂੰ ਇਸ ਦੀ ਨਿਖੇਧੀ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਕਵੀ ਗੁਰਚਰਨ ਰਾਮਪੁਰੀ ਤੇ ਹੋਇਆ ਹਮਲਾ, ਲੋਕਾਂ ਦੀ ਲਿਖਣ ਅਤੇ ਬੋਲਣ ਦੀ ਆਜ਼ਾਦੀ ਤੇ ਹਮਲਾ ਹੈ। ਇਸ ਲਈ ਸਚਾਈ ਵਿਚ ਯਕੀਨ ਰੱਖਣ ਵਾਲੇ ਲੋਕਾਂ ਨੂੰ ਅਜਿਹੇ ਹਮਲਿਆਂ ਤੋਂ ਡਰਨਾ ਨਹੀਂ ਚਾਹੀਦਾ ਅਤੇ ਵਿਚਾਰ ਲੋਕਾਂ ਵਿਚ ਇਹ ਆਜ਼ਾਦੀ ਨਾਲ ਪ੍ਰਗਟਾਉਣ ਤੋਂ ਝਿਜਕਣਾ ਨਹੀਂ ਚਾਹੀਦਾ।

ਸਮਾਨਤਾ ਵਲੋਂ ਸੁਰਜੀਤ ਕਲਸੀ ਹੁਰਾਂ ਕਿਹਾ ਕਿ ਉਨ੍ਹਾਂ ਦੀ ਜਥੇਬੰਦੀ ਲੋਕ ਸਦਭਾਵਨਾ ਮੰਚ ਦੇ ਆਸ਼ਿਆਂ ਦੀ ਸਪੋਰਟ ਕਰਦੀ ਹੈ। ਉਨ੍ਹਾਂ ਕਿਹਾ ਇਸ ਸਮੇਂ ਕਮਿਉਨਿਟੀ ਦੇ ਲੋਕਾਂ ਦੀਆਂ ਅਸਲੀ ਸਮੱਸਿਆਵਾਂ, ਜਿਵੇਂ ਔਰਤਾਂ ਉਪਰ ਹਿੰਸਾ ਦੀਆਂ ਸਮੱਸਿਆਵਾਂ ਇਸ ਫਿਰਕੂ ਤਨਾਅ ਵਿਚ ਗੁਆਚ ਕੇ ਰਹਿ ਗਈਆਂ ਹਨ। ਸਾਨੂੰ ਇਨ੍ਹਾਂ ਸਮੱਸਿਆਵਾਂ ਵੱਲ ਜ਼ਿਆਦਾ ਧਿਆਨ ਦੇਣ ਦੀ ਲੋੜ ਹੈ।

ਕਨੇਡੀਅਨ ਫਾਰਮ ਵਰਕਰਜ਼ ਯੂਨੀਅਨ ਦੇ ਪ੍ਰਧਾਨ ਰਾਜ ਚੌਹਾਨ ਨੇ ਕਿਹਾ ਕਿ ਸਾਡੀ ਕਮਿਉਨਿਟੀ ਬਹੁਗਿਣਤੀ ਕੰਮ ਕਰਨ ਵਾਲੇ ਲੋਕਾਂ ਦੀ ਹੈ। ਸਾਨੂੰ ਇਹ ਸਵਾਲ ਉਠਾਉਣੇ ਚਾਹੀਦੇ ਹਨ ਜਿਨ੍ਹਾਂ ਮਸਲਿਆਂ ਦਾ ਇਹ ਕੁਝ ਲੋਕ ਪਰਚਾਰ ਕਰਦੇ ਹਨ ਕੀ ਉਨ੍ਹਾਂ ਦੀ ਪੂਰਤੀ ਨਾਲ (1) ਖੇਤਾਂ ਵਿਚ ਖੇਤ ਮਜ਼ਦੂਰਾਂ ਦੀ ਲੁੱਟ ਖਤਮ ਹੋ ਜਾਵੇਗੀ। (2) ਕੀ ਖੇਤ ਮਜ਼ਦੂਰਾਂ ਨਾਲ ਏਥੋਂ ਦੀਆਂ ਸਰਕਾਰਾਂ ਵਲੋਂ ਹੁੰਦਾ ਕਾਨੂੰਨੀ ਵਿਤਕਰਾ ਖਤਮ ਹੋ ਜਾਵੇਗਾ। (3) ਕੀ ਸਾਡੇ ਨਾਲ ਨਸਲੀ ਵਿਤਕਰਾ ਖਤਮ ਹੋ ਜਾਵੇਗਾ। ਉਹਨਾਂ ਕਿਹਾ ਸਾਡੇ ਲਈ ਇਹਨਾਂ ਅਹਿਮ ਮਸਲਿਆਂ ਬਾਰੇ ਸੋਚਣਾ ਵੀ ਜ਼ਰੂਰੀ ਹੈ।

ਉਜੱਲ ਦੁਸਾਂਝ ਹੋਰਾਂ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਹਿਾ, "ਸਾਡੀ ਕਮਿਉਨਿਟੀ ਵਿਚ 'ਕੁਝ ਲੋਕ ਅਜਿਹੇ ਹਨ ਜੋ ਇਹ ਸਮਝਦੇ ਹਨ ਕਿ ਜਿਹੜੇ ਲੋਕ ਉਹਨਾਂ ਨਾਲ ਸਹਿਮਤ ਨਹੀਂ ਹਨ, ਉਹਨਾਂ ਨੂੰ ਲਿਖਣ ਬੋਲਣ ਦਾ ਕੋਈ ਹੱਕ ਨਹੀਂ। ਲੇਖਕ ਗੁਰਚਰਨ ਰਾਮਪੁਰੀ ਤੇ ਹੋਇਆ ਹਮਲਾ ਇਨ੍ਹਾਂ ਦੀ ਇਸ ਸੋਚ ਦਾ ਹੀ ਸਿੱਟਾ ਹੈ। ਸਾਨੂੰ ਉਨ੍ਹਾਂ ਦੀ ਇਸ ਸੋਚ ਦਾ ਵਿਰੋਧ ਕਰਨਾ ਚਾਹੀਦਾ ਹੈ। ਅਤੇ ਇਨ੍ਹਾਂ ਦੇ ਇਸ ਤਰ੍ਹਾਂ ਦੇ ਹਮਲਿਆਂ ਦਾ ਡਟ ਕੇ ਵਿਰੋਧ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕਨੇਡੀਅਨ ਚਾਰਟਰਡ ਆਫ ਰਾਈਟਸ ਵਿਚ ਹਰ ਇਕ ਲਈ ਲਿਖਣ ਬੋਲਣ ਦੀ ਆਜ਼ਾਦੀ ਦਰਜ ਹੈ, ਅਤੇ ਉਹ ਇਸ ਆਜ਼ਾਦੀ ਲਈ ਸਦਾ ਲੜਦੇ ਰਹਿਣਗੇ।"

(ਬਾਕੀ ਪੰਨਾ 8 ਤੇ)



## 'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ

## SUBSCRIPTION FORM

To

The Canada Darpan
P.O.Box. 67344,STN.'O'
VANCOUVER,B.C.
CANADA V5W 3T1

Phone (604)321-6360

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name.......................................................
Address.....................................................
City..........................................................
Province...................................................
Postal code...............................................
PHONE.

One Year ..........................20 dollars
Two Year ..........................35 dollars
Three year ........................50 dollars
Life membership..................200 dollars
ASIA...............................80 dollars(a year)
U.S.A. .............................25 dollars(a year)
Europe .............................80 dollars(a year)
Africa ..............................80 dollars(a year)

## ਪੰਜਾਬ 'ਚ ਚੋਣਾਂ ਦੂਜੇ ਰਾਜਾਂ ਦੇ ਨਾਲ ਹੀ — ਰਾਉ

ਗਵਾਲੀਅਰ — ਕੇਂਦਰੀ ਗ੍ਰਹਿ ਮੰਤਰੀ ਪੀ. ਵੀ. ਨਰਸਿਮਹਾ ਰਾਉ ਨੇ ਆਖਿਆ ਹੈ ਕਿ ਪੰਜਾਬ ਵਿਚ ਲੋਕ ਸਭਾ ਦੀਆਂ ਚੋਣਾਂ ਦੂਜੇ ਰਾਜਾਂ ਦੇ ਨਾਲ ਈ ਕਰਾਈਆਂ ਜਾਣਗੀਆਂ। ਪਿਛਲੀ ਰਾਤ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ 'ਚ ਲੋਕਪ੍ਰਿਯ ਸਰਕਾਰ ਬਨਾਉਣ ਦੀ ਮੰਗ ਕੀਤੀ ਜਾ ਰਹੀ ਹੈ ਪਰ ਢੁਕਵੇਂ ਸਮੇਂ ਹੀ ਇਸ ਮੰਗ ਨੂੰ ਮੰਨਿਆ ਜਾਏਗਾ ਕਿਉਂਕਿ ਸਰਕਾਰ ਨੇ ਅਜੇ ਇਸ ਬਾਰੇ ਫੈਸਲਾ ਕਰਨਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਅਕਾਲੀ ਨੇਤਾਵਾਂ ਨਾਲ ਉਨ੍ਹਾਂ ਦੀਆਂ ਮੰਗਾਂ ਬਾਰੇ ਗੱਲਬਾਤ ਕਰਨ ਲਈ ਤਿਆਰ ਹੈ ਪਰ ਕੇਂਦਰ ਸਰਕਾਰ ਪੰਜਾਬ ਹਾਲਾਤ ਸੁਧਾਰਨ ਲਈ ਅਕਾਲੀਆਂ ਨੂੰ ਗੱਲਬਾਤ ਦਾ ਰਸਮੀ ਸੱਦਾ ਦੇਣ ਤੋਂ ਪਹਿਲਾਂ ਉਨ੍ਹਾਂ ਦੇ ਰਵੱਈਏ ਬਾਰੇ ਜਾਇਜ਼ਾ ਲੈ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਕੇਸਾਂ ਦਾ ਜਾਇਜ਼ਾ ਲੈਣ ਬਾਅਦ ਅਕਾਲੀ ਨੇਤਾਵਾਂ ਦੀ ਰਿਹਾਈ ਬਾਰੇ ਗੌਰ ਕੀਤਾ ਜਾਏਗਾ। ਉਨ੍ਹਾਂ ਆਖਿਆ ਕਿ ਦਹਿਸ਼ਤਪਸੰਦਾਂ ਨੂੰ ਕੁਚਲਿਆ ਜਾਏਗਾ।

ਸ੍ਰੀ ਰਾਉ ਨੇ ਆਖਿਆ ਕਿ ਭਾਰਤ ਪਾਕਿਸਤਾਨ ਬਾਰੇ ਦੋਹਰੀ ਨੀਤੀ ਨਹੀਂ ਅਪਣਾ ਰਿਹਾ। ਭਾਰਤ ਪਾਕਿਸਤਾਨ ਨੂੰ ਆਪਣਾ ਗੁਆਂਢੀ ਸਮਝਦਾ ਹੈ ਪਰ ਜਦ ਹੀ ਪਾਕਿਸਤਾਨ ਨੇ ਭਾਰਤ ਨੂੰ ਨੁਕਸਾਨ ਪਹੁੰਚਾਉਣ ਦਾ ਯਤਨ ਕੀਤਾ, ਤਾਂ ਉਸ ਦਾ ਸਖ਼ਤ ਨੋਟਿਸ ਲਿਆ ਗਿਆ।

## ਪੰਜਾਬ 'ਚ ਹੋਰ ਨਵੀਂ ਪਾਰਟੀ ਕਾਇਮ

ਜੈਤੋ — ਪੰਜਾਬ ਰਾਸ਼ਟਰੀ ਸੰਜੇ ਵਿਚਾਰ ਮੰਚ ਦੇ ਜਨਰਲ ਸਕੱਤਰ ਸ੍ਰੀ ਗੁਰਦੇਵ ਸਿੰਘ ਜੈਤੋ ਨੇ ਸੰਜੇ ਮੰਚ ਦੀ ਮੁਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਦਿਤਾ ਹੈ ਅਤੇ ਪੰਜਾਬ ਪੱਧਰ ਉਤੇ ਨਵੀਂ ਪਾਰਟੀ ਬਣਾ ਲਈ ਹੈ ਜਿਸ ਦਾ ਨਾਂ ਭਗਤ ਸਿੰਘ ਕਿਰਤੀ ਦਲ ਰੱਖ ਲਿਆ ਹੈ।

ਜਦੋਂ ਪੱਤਰਕਾਰਾਂ ਨੇ ਉਨ੍ਹਾਂ ਤੋਂ ਇਹ ਪੁਛਿਆ ਕਿ ਉਨ੍ਹਾਂ ਦੀ ਪਾਰਟੀ ਦੇਸ਼ ਵਿਚ ਆ ਰਹੀਆਂ ਚੋਣਾਂ ਵਿਚ ਹਿਸਾ ਲਵੇਗੀ ਤਾਂ ਉਨ੍ਹਾਂ ਉਤਰ ਦਿਤਾ, "ਅਜੇ ਇਸ ਬਾਰੇ ਕੋਈ ਵਿਚਾਰ ਨਹੀਂ ਹੈ, ਪਰ ਸਾਡਾ ਦਲ ਰਾਜ, ਰਿਸ਼ਵਤ ਖੋਰੀ, ਬੇਰੁਜ਼ਗਾਰੀ, ਹਿੰਸਾ, ਜ਼ੁਲਮ ਜਬਰ ਅਤੇ ਬੇਇਜ਼ਤੀ ਵਿਰੁਧ ਟੱਕਰ ਲਏਗਾ।"

ਉਨ੍ਹਾਂ ਕਿਹਾ ਕਿ "ਭਗਤ ਸਿੰਘ ਕਿਰਤੀ ਦਲ" ਦੀ ਪਹਿਲੀ ਮੀਟਿੰਗ ਜੈਤੋ ਵਿਖੇ 4 ਨਵੰਬਰ ਦਿਨ ਦੇ ਦੋ ਵਜੇ ਹੋ ਰਹੀ ਹੈ। ਇਥੇ ਇਹ ਵਰਨਣਯੋਗ ਹੈ ਕਿ ਗੁਰਦੇਵ ਸਿੰਘ ਇਲਾਕੇ ਦੇ ਇਕ ਸਰਗਰਮ ਵਰਕਰ ਹਨ ਅਤੇ ਇਨ੍ਹਾਂ ਵਲੋਂ ਸੰਜੇ ਮੰਚ ਛੱਡਣ ਨਾਲ ਜ਼ਿਲਾ ਫਰੀਦਕੋਟ ਦੇ ਕਈ ਪਿੰਡਾਂ ਵਿਚ ਮੰਚ ਦਾ ਸਫਾਇਆ ਹੋ ਗਿਆ।

## ਸਰਹੱਦ ਸੀਲ ਕਰਨ ਦਾ ਕਦਮ ਠੀਕ - 'ਤਾਸ' ਏਜੰਸੀ ਦੀ ਰਾਏ

ਮਾਸਕੋ — ਰੂਸ ਦੀ ਸਮਾਚਾਰ ਏਜੰਸੀ 'ਤਾਸ' ਦੇ ਇਕ ਰਾਜਸੀ ਮਾਹਿਰ ਬੋਰਿਸ ਚੇਖਨਿਨ ਨੇ ਕਿਹਾ ਹੈ ਕਿ ਭਾਰਤ ਵਲੋਂ ਪਾਕਿ ਨਾਲ ਲਗਦੀ ਸਰਹੱਦ ਬੰਦ ਕਰਨ ਦੀ ਕਾਰਵਾਈ ਜਾਇਜ਼ ਸੀ। ਉਨ੍ਹਾਂ ਕਿਹਾ ਕਿ ਇਸ ਕਦਮ ਪਿਛੇ ਚੋਖੇ ਕਾਰਨ ਮੌਜੂਦ ਹਨ ਕਿਉਂਕਿ ਪਾਕਿਸਤਾਨ ਵਾਲੇ ਪਾਸਿਓਂ ਸਹਿਜੇ ਸਹਿਜੇ ਹਥਿਆਰਾਂ, ਜਾਸੂਸਾਂ ਤੇ ਭੰਨ ਤੋੜ ਕਰਨ ਵਾਲਿਆਂ ਦਾ ਭਾਰਤ ਵਿਚ ਆਉਣਾ ਜਾਰੀ ਸੀ। ਇਨ੍ਹਾਂ ਏਜੰਟਾਂ ਦਾ ਕੰਮ ਇਹ ਸੀ ਕਿ ਭਾਰਤ ਦੀ ਸੁਰਖਿਆ ਫੋਰਸ ਦੀ ਸਾਰੀ ਜਾਣਕਾਰੀ ਹਾਸਲ ਕੀਤੀ ਜਾਏ। ਇਹ ਜਾਣਕਾਰੀ ਹਾਸਲ ਕਰਨ ਦਾ ਉਦੇਸ਼ ਵਖਵਾਦੀ ਅਨਸਰਾਂ ਨੂੰ ਉਕਸਾਉਣਾ ਅਤੇ ਦੇਸ਼ ਵਿਚ ਗੜਬੜ ਵਾਲੀ ਸਥਿਤੀ ਪੈਦਾ ਕਰਨ ਲਈ ਦਹਿਸ਼ਤਪਸੰਦੀ ਦੀਆਂ ਕਾਰਵਾਈਆਂ ਕਰਨੀਆਂ ਹਨ।

ਸ੍ਰੀ ਚੇਖਨਿਨ ਅਨੁਸਾਰ ਇਸ ਕੰਮ ਪਿਛੇ ਵਾਸ਼ਿੰਗਟਨ ਦਾ ਹੱਥ ਹੈ ਜੋ ਪਾਕਿਸਤਾਨ ਦੀਆਂ ਗੁਪਤ ਏਜੰਸੀਆਂ ਨਾਲ ਰਲ ਕੇ ਇਹ ਕੰਮ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਵਾਸ਼ਿੰਗਟਨ ਦੀ ਇਕ ਹੋਰ ਨੀਤੀ ਇਹ ਹੈ ਕਿ ਭਾਰਤ ਦੇ ਵਕਾਰ ਨੂੰ ਕੌਮਾਂਤਰੀ ਭਾਈਚਾਰੇ ਵਿਚ ਡੇਗਿਆ ਜਾਏ।

## ਪੇਸ਼ਗੀ ਜ਼ਮਾਨਤ 'ਤੇ ਸੁਣਵਾਈ ਮੁਲਤਵੀ

ਨਵੀਂ ਦਿੱਲੀ — ਦਿੱਲੀ ਹਾਈ ਕੋਰਟ ਨੇ "ਐਸੋਸੀਏਟਿਡ ਪ੍ਰੈਸ" ਸਮਾਚਾਰ ਏਜੰਸੀ ਦੇ ਇਕ ਪੱਤਰਕਾਰ ਸ੍ਰੀ ਬ੍ਰਹਮ ਚੇਲਾਨੀ ਦੀ ਪੇਸ਼ਗੀ ਜ਼ਮਾਨਤ ਦੀ ਅਰਜ਼ੀ 'ਤੇ ਸੁਣਵਾਈ ਮੁਲਤਵੀ ਕਰ ਦਿਤੀ ਹੈ। ਇਸ ਤੋਂ ਪਹਿਲਾਂ ਪੰਜਾਬ ਸਰਕਾਰ ਦੇ ਵਕੀਲ ਸ੍ਰੀ ਏ. ਐਨ. ਮੁਲਾ ਨੇ ਦਸਿਆ ਕਿ ਉਨ੍ਹਾਂ ਕੋਲ ਜ਼ਮਾਨਤ ਬਾਰੇ ਪੁਟੀਸ਼ਨ ਦੀ ਨਕਲ ਨਹੀਂ। ਮਾਨਯੋਗ ਜੱਜ ਨੇ ਸ੍ਰੀ ਚੇਲਾਨੀ ਦੇ ਵਕੀਲ ਨੂੰ ਕਿਹਾ ਕਿ ਸ੍ਰੀ ਮੁਲਾ ਨੂੰ ਪੁਟੀਸ਼ਨ ਦੀ ਨਕਲ ਦਿਤੀ ਜਾਏ।

## ਉਘੇ ਨਕਸਲੀ ਨੇਤਾ ਦੀ ਮੌਤ

ਕਲਕੱਤਾ — ਸੀ. ਪੀ. ਆਈ. (ਐਮ. ਐਲ.) ਦੇ ਨੇਤਾ ਐਸ. ਐਨ. ਸਿੰਘ ਦੀ ਵਿਸ਼ਾਖਾਪਟਨਮ ਦੇ ਕੇ. ਜੀ. ਹਸਪਤਾਲ ਵਿਚ ਮੌਤ ਹੋ ਗਈ। ਉਨ੍ਹਾਂ ਦੀ ਉਮਰ 62 ਵਰ੍ਹਿਆਂ ਦਾ ਸੀ। ਸ੍ਰੀ ਸਿੰਘ ਪਾਰਟੀ ਦੇ ਜਨਰਲ ਸਕੱਤਰ ਸਨ। ਉਹ ਇਸ ਤੋਂ ਪਹਿਲਾਂ ਸੀ. ਪੀ. ਆਈ. ਅਤੇ ਸੀ. ਪੀ. ਐਮ. ਨਾਲ ਵੀ ਸਬੰਧਿਤ ਰਹੇ ਹਨ।

## ਪੁਲੀਸ ਧੜੇਬੰਦੀ ਪੈਦਾ ਕਰ ਰਹੀ ਹੈ - ਚੋਪੜਾ

ਸੰਗਰੂਰ — ਪੰਜਾਬ ਵਿਧਾਨ ਸਭਾ ਵਿਚ ਕਮਿਊਨਿਸਟ ਪਾਰਟੀ (ਮਾਰਕਸੀ) ਵਿਧਾਇਕ ਦਲ ਦੇ ਨੇਤਾ ਸ੍ਰੀ ਚੰਦ ਸਿੰਘ ਚੋਪੜਾ ਨੇ ਜ਼ਿਲਾ ਪੁਲੀਸ 'ਤੇ ਲੋਕਾਂ 'ਚ ਫੁੱਟ ਪਾਉਣ ਦਾ ਦੋਸ਼ ਲਾਇਆ ਹੈ। ਉਨ੍ਹਾਂ ਕਿਹਾ ਕਿ ਪੁਲੀਸ ਮੁਲਾਜ਼ਮ ਆਪਣੇ ਸਵਾਰਥ ਲਈ ਪਿੰਡਾਂ ਵਿਚ ਧੜੇਬੰਦੀ ਪੈਦਾ ਕਰ ਰਹੇ ਹਨ।

ਸ੍ਰੀ ਚੋਪੜਾ ਨੇ ਦੋਸ਼ ਲਾਇਆ ਕਿ ਬੀਤੇ ਦਿਨ ਪੁਲੀਸ ਅਧਿਕਾਰੀਆਂ ਦੀ ਸ਼ਫੀਪੁਰ ਕਲਾਂ ਪਿੰਡ 'ਚ ਮੌਜੂਦਗੀ ਸਮੇਂ ਕੁਝ ਸ਼ਰਾਰਤੀਆਂ ਨੇ ਸ੍ਰੀ ਭਜਨ ਸਿੰਘ ਦੀ ਝੋਨੇ ਦੀ ਸਾਰੀ ਫਸਲ ਨੂੰ ਅੱਗ ਲਾ ਕੇ ਤਬਾਹ ਕਰ ਦਿਤਾ। ਉਨ੍ਹਾਂ ਕਿਹਾ ਕਿ ਪਿੰਡ ਟਿੱਬਾ ਵਿਚ ਕਮਿਊਨਿਸਟ ਵਰਕਰਾਂ ਨੂੰ ਤੰਗ ਕੀਤਾ ਜਾ ਰਿਹਾ ਹੈ ਅਤੇ ਤਖਤ ਕਲਾਂ ਪਿੰਡ ਦੇ ਸਰਪੰਚ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ ਅਤੇ ਧਮਕੀਆਂ ਦਿਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪਿੰਡ ਸੇਖਾ ਅਤੇ ਠੀਕਰੀਵਾਲਾ ਵਿਚ ਵੀ ਲੋਕਾਂ ਨੂੰ ਇਨਸਾਫ ਨਹੀਂ ਮਿਲ ਰਿਹਾ ਅਤੇ ਪੁਲੀਸ ਦੋਸ਼ੀਆ ਵਿਰੁਧ ਕੋਈ ਕਾਰਵਾਈ ਨਹੀਂ ਕਰ ਰਹੀ। ਸ੍ਰੀ ਚੋਪੜਾ ਨੇ ਪੰਜਾਬ ਦੇ ਰਾਜਪਾਲ ਸ੍ਰੀ ਕੇ. ਟੀ. ਸਤਾਰਾਵਾਲਾ ਤੋਂ ਮੰਗ ਕੀਤੀ ਹੈ ਕਿ ਭ੍ਰਿਸ਼ਟ ਪੁਲੀਸ ਅਫਸਰਾਂ ਅਤੇ ਸਿਆਸਤਦਾਨਾਂ ਉਤੇ ਮੁਕੱਦਮੇ ਚਲਾਏ ਜਾਣ। ਉਨ੍ਹਾਂ ਕਿਹਾ ਕਿ ਭੱਠਲਾਂ ਪਿੰਡ ਦੇ ਸਾਬਕਾ ਸਰਪੰਚ ਕਰਤਾਰ ਸਿੰਘ ਦੀ ਕਪਾਹ ਵੀ ਸਾੜੀ ਗਈ ਹੈ ਪਰ ਪੁਲੀਸ ਨੇ ਉਸ ਸਬੰਧ ਵਿਚ ਵੀ ਕੋਈ ਕਾਰਵਾਈ ਨਹੀਂ ਕੀਤੀ।

## ਦੁਭਾਸ਼ੀਆਂ ਲਈ ਸੂਚਨਾ

ਲਿਖਤੀ ਮਰਜਮਾਂ ਕਰਨ ਵਾਲਿਆਂ ਲਈ ਸਾਰੇ ਕੈਨੇਡਾ ਦੇ ਪੱਧਰ ਤੇ ਅਗਲਾ ਸਾਲਾਨਾ ਇਮਤਿਹਾਨ ਜਨਵਰੀ 1985 ਵਿਚ ਹੋਵੇਗਾ। ਇਹ ਇਮਤਿਹਾਨ "ਕੌਂਸਲ ਔਫ ਟ੍ਰਾਂਸਲੇਟਰਜ਼ ਐਂਡ ਇਨਟਰਪਰੇਟਰਜ਼ ਔਫ ਕੈਨੇਡਾ" ਵੱਲੋਂ ਲਏ ਜਾਂਦੇ ਹਨ ਅਤੇ ਪਾਸ ਹੋਏ ਵਿਅਕਤੀਆਂ ਨੂੰ "ਸੁਸਾਇਟੀ ਔਫ ਟ੍ਰਾਂਸਲੇਟਰਜ਼ ਐਂਡ ਇਨਟਰਪਰੇਟਰਜ਼ ਔਫ ਬੀ. ਸੀ." ਦਾ ਸਰਟੀਫਿਕੇਟ ਮਿਲਦਾ ਹੈ। ਬੀ. ਸੀ. ਵਿਚ ਇਮਤਿਹਾਨ ਲਈ ਰਜਿਸਟਰ ਹੋਣ ਦੀ ਅਖੀਰਲੀ ਤਾਰੀਖ ਸ਼ੁੱਕਰਵਾਰ 23 ਨਵੰਬਰ 1984 ਹੈ।

ਹੋਰ ਜਾਣਕਾਰੀ ਲਈ ਸੁਸਾਇਟੀ ਦੇ ਦਫਤਰ ਨੂੰ 684-2940 ਤੇ ਜਾਂ ਜੈਕੋਲੀਨ ਹੋਆ ਨੂੰ 228-0549 ਤੇ ਫੋਨ ਕਰੋ।

## ਜੈਪੁਰ 'ਚ ਬੈਂਕ ਲੁੱਟਿਆ

ਜੈਪੁਰ, (ਯੂ. ਐਨ. ਆਈ.)—ਤਿੰਨ ਹਥਿਆਰਬੰਦ ਨੌਜਵਾਨਾਂ ਨੇ ਸਟੇਟ ਬੈਂਕ ਆਫ ਬੀਕਾਨੇਰ ਦੀ ਜੈਪੁਰ ਸਥਿਤ ਐਸ. ਐਮ. ਐਸ. ਬਰਾਂਚ 'ਚੋ 22 ਹਜ਼ਾਰ ਰੁਪਏ ਦੀ ਨਕਦੀ ਲੁੱਟ ਲਈ। ਉਹ ਨੌਜਵਾਨ ਖਾਲਿ-ਸਤਾਨ ਪੱਖੀ ਨਾਅਰੇ ਲਗਾ ਰਹੇ ਸਨ।



# ਮਨੁੱਖੀ ਹੱਕ —
# ਲਿਖੇ ਅੱਖਰਾਂ ਨਾਲੋਂ ਵਧੇਰੇ

ਬ੍ਰਿਟਿਸ਼ ਕੋਲੰਬੀਆ ਵਿਚ ਵਿਤਕਰਾ ਗ਼ੈਰ-ਕਾਨੂੰਨੀ ਹੈ ਪਰ ਸੁਭਾਵਾਂ ਨੂੰ ਬਦਲਣ ਲਈ ਕਾਨੂੰਨ ਨਾਲੋਂ ਵਧੇਰੇ ਕੁਝ ਦੀ ਲੋੜ ਹੈ।

ਸਾਡੇ ਸੂਬੇ ਦਾ ਨਵਾਂ ਮਨੁੱਖੀ ਹੱਕ ਕਾਨੂੰਨ ਤੇ ਮਨੁੱਖੀ ਹੱਕਾਂ ਸਬੰਧੀ ਨਵੀਂ ਕੌਂਸਲ ਅਜੇਹੀ ਯੋਗਤਾ ਰਖਦੇ ਹਨ ਕਿ ਉਹ ਵਿਤਕਰੇ ਦੇ ਕੇਸਾਂ ਨੂੰ ਛੇਤੀ ਤੋਂ ਛੇਤੀ ਨਿਪਟਾ ਸਕਣਗੇ।

ਆਪਸੀ ਸਤਿਕਾਰ ਅਤੇ ਮਿਲਵਰਤਣ ਸਦਕਾ ਹੀ ਅਸੀਂ ਆਪਣੇ ਨਿਸ਼ਾਨੇ ਨੂੰ ਪ੍ਰਾਪਤ ਕਰ ਸਕਾਂਗੇ ਅਤੇ ਵਿਤਕਰੇ ਨੂੰ ਮਿਟਾ ਸਕਾਂਗੇ ............ ਹਮੇਸ਼ਾ ਹਮੇਸ਼ਾ ਲਈ।

ਮਨੁੱਖੀ ਹੱਕ। ਇਕ ਅਜੇਹੀ ਜ਼ਿੰਮੇਂਵਾਰੀ ਜਿਸਦੇ ਅਸੀਂ ਸਾਰੇ ਭਾਈਵਾਲ ਹਾਂ

BC Province of British Columbia
Ministry of Labour
Hon. Bob McClelland, Minister

(ਪੰਨਾ 5 ਦੀ ਬਾਕੀ)

ਪਿਛਲੇ ਕੁਝ ਸਾਲਾਂ ਵਿਚ ਨਸਲਵਾਦ ਦੀ ਸਮੱਸਿਆ ਉਤੇ ਪਕੜ ਸਾਡੀ ਸਭ ਤੋਂ ਵੱਡੀ ਜਿੱਤ ਹੈ। ਅਸੀਂ ਇਕੱਠੇ ਹੋ ਕੇ ਨਸਲਵਾਦ ਵਿਰੁੱਧ ਲੜਾਈ ਲੜੀ ਹੈ। ਸਾਡੀ ਇਸ ਜਥੇਬੰਦਕ ਲੜਾਈ ਨੇ ਵੱਧ ਤੋਂ ਵੱਧ ਲੋਕਾਂ ਦੇ ਦਿਲ ਜਿੱਤੇ ਹਨ ਅਤੇ ਕੈਨੇਡਾ ਦੇ ਲੋਕਾਂ ਵਲੋਂ ਵੀ ਸਾਨੂੰ ਭਰਪੂਰ ਮੱਦਦ ਅਤੇ ਹੁੰਗਾਰਾ ਮਿਲਿਆ ਹੈ ਮੀਡੀਏ ਦੇ ਇਕ ਪਾਸੜ ਵਤੀਰੇ ਵਿਚ ਤਬਦੀਲੀ ਆਈ ਹੈ ਅਤੇ ਹੁਣ ਮੀਡੀਏ ਵਿਚ ਸਾਨੂੰ ਚੰਗੇ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ। ਕੈਨੇਡਾ ਦੀ ਵਿਦਿਅਕ ਪ੍ਰਣਾਲੀ ਵਿਚ ਏਸ ਸਮੱਸਿਆ ਨੂੰ ਚੰਗੀ ਤਰ੍ਹਾਂ ਸਮਝਿਆ ਜਾਣ ਲੱਗਿਆ ਹੈ, ਅਤੇ ਸਾਡੇ ਬੱਚਿਆਂ ਨਾਲ ਠੀਕ ਸਮਝ ਅਪਣਾਈ ਜਾਣ ਲੱਗੀ ਹੈ।

ਬੀ. ਸੀ. ਵਿਚ ਫਾਰਮ ਕਾਮਿਆਂ ਵੱਲੋਂ, ਲੰਮੇ ਸਮੇਂ ਤੋਂ ਜਾਰੀ ਰਹੀ ਲੁੱਟ ਖਸੁੱਟ ਵਿਰੁੱਧ ਸੰਘਰਸ਼, ਸਾਡੀ ਕਮਿਊਨਿਟੀ ਦੀ ਇਕ ਹੋਰ ਪ੍ਰਾਪਤੀ ਹੈ ਜਿਸ ਉਪਰ ਅਸੀਂ ਮਾਣ ਕਰ ਸਕਦੇ ਹਾਂ। ਕੰਮ ਦੀਆਂ ਚੰਗੀਆਂ ਹਾਲਤਾਂ ਅਤੇ ਚੰਗੀਆਂ ਤਨਖਾਹਾਂ ਲਈ ਚੱਲ ਰਹੇ ਏਸ ਘੋਲ ਵਿਚ ਹਿੰਦੂ, ਸਿੱਖਾਂ ਅਤੇ ਮੁਸਲਮਾਨਾਂ ਨੇ ਰਲਕੇ ਹਿੱਸਾ ਪਾਇਆ ਹੈ। *

ਇਕ ਕਾਮਯਾਬ ਭਾਰਤੀ ਵਪਾਰਕ ਕਮਿਊਨਿਟੀ ਦਾ ਹੋਂਦ ਵਿਚ ਆਉਣਾ ਵੀ ਸਾਡੀ ਸਾਰਿਆਂ ਦੀ ਮਿਲਵਰਤਣ ਦਾ ਹੀ ਸਿੱਟਾ ਹੈ। ਆਪਣੀਆਂ ਮੁਸ਼ਕਲਾਂ ਦੇ ਹੱਲ ਲਈ ਸਾਡੀ ਕਮਿਊਨਿਟੀ ਵਿਚ ਔਰਤਾਂ ਵੀ ਜਥੇਬੰਦ ਹੋਈਆਂ ਹਨ। ਖੇਡਾਂ ਦੇ ਅਤੇ ਸਭਿਆਚਾਰਕ ਪਿੜ ਵਿਚ ਵੀ ਅਸੀਂ ਇਕੱਠੇ ਖੇਡਦੇ ਹਾਂ ਇਕੱਠੇ ਹੱਸਦੇ ਹਾਂ ਅਤੇ ਇਕੱਠੇ ਅਨੰਦ ਮਾਣਦੇ ਹਾਂ।

ਵਖਰੇਵਿਆਂ ਦੇ ਬਾਵਜੂਦ ਵੀ ਅਜੋਕੀਆਂ ਜਦੋਜਹਿਦਾਂ ਵਿਚ ਸਾਡੀ ਏਕਤਾ ਅਤੇ ਮਿਲਵਰਤਣ ਨੇ ਸਾਡੀ ਕਮਿਊਨਿਟੀ ਵਿਚ ਪਕਿਆਈ ਲਿਆਂਦੀ ਹੈ। ਅਸੀਂ ਰਾਜਸੀ ਤੌਰ ਤੇ ਵੀ ਸੱਚੇ ਅਤੇ ਦੰਭੀ ਲੀਡਰਾਂ ਵਿਚ ਨਿਖੇੜਾ ਕਰਨ ਦੇ ਕਾਬਲ ਹੋ ਗਏ ਹਾਂ।

## ਅਜੋਕਾ ਸੰਕਟ ਅਤੇ ਇਸਦੇ ਸਿੱਟੇ

ਪਿਛਲੇ ਕੁਝ ਮਹੀਨਿਆਂ ਤੋਂ ਖਾਸ ਕਰ ਭਾਰਤ ਸਰਕਾਰ ਵਲੋਂ ਹਰਿਮੰਦਰ ਸਾਹਿਬ ਕੰਪਲੈਕਸ ਉਤੇ ਮੂਰਖਤਾ ਭਰੀ ਫੌਜੀ ਕਾਰਵਾਈ ਕਰਨ ਪਿਛੋਂ, ਏਥੇ ਵੀ ਸਾਡੀ ਕਮਿਊਨਿਟੀ ਵਿਚ ਫਿਰਕਾਪ੍ਰਸਤੀ ਦੇ ਮਾਹੌਲ ਦਾ ਖਤਰਨਾਕ ਵਾਤਾਵਰਣ ਪੈਦਾ ਹੋਇਆ ਹੈ।

ਜਦੋਂ ਕਿ ਸਾਨੂੰ ਸਾਰਿਆਂ ਨੂੰ ਉਪਰੋਕਤ ਕਾਰਵਾਈ ਕਾਰਨ ਡੂੰਘਾ ਸਦਮਾ ਪਹੁੰਚਿਆ ਹੈ ਅਤੇ ਅਸੀਂ ਸਭ ਇਸ ਦੁੱਖ ਵਿਚ ਸ਼ਾਮਲ ਹਾਂ, ਤਾਂ ਫਿਰ ਵੀ ਏਥੇ ਬਾਈਕਾਟਾਂ, ਧਮਕੀਆਂ ਅਤੇ ਹਿੰਸਾ ਦੀ ਲਹਿਰ ਦੇਖਣ ਵਿਚ ਆਈ ਹੈ। ਯਕੀਕਨ ਹੀ ਇਸ ਸਭ ਨੇ ਬਦਕਿਸਮਤੀ ਨਾਲ ਸਾਡੀ ਕਮਿਊਨਿਟੀ ਦੀ ਏਕਤਾ ਦੇ ਰੀਕਾਰਡ ਉਪਰ ਭਰੀ ਸੱਟ ਮਾਰੀ ਹੈ। ਸਾਨੂੰ ਆਪਣੇ ਗੁੱਸੇ ਅਤੇ ਦੁੱਖ ਨੂੰ ਧਾਰਮਿਕ ਨਫਰਤ ਵਿਚ ਨਹੀਂ ਬਦਲਣਾ ਚਾਹੀਦਾ ਨਾ ਹੀ ਦੂਜੇ ਕੁਝ ਲੋਕਾਂ ਨੂੰ ਸਾਡੇ ਜਜ਼ਬਾਤਾਂ ਨੂੰ ਗਲਤ ਪਾਸੇ ਮੋੜ ਦੇ ਦੇਣ ਦੀ ਖੁਲ੍ਹ ਦੇਣੀ ਚਾਹੀਦੀ ਹੈ। ਨਹੀਂ ਤਾਂ ਸਾਨੂੰ ਇਨ੍ਹਾਂ ਗੰਭੀਰ ਸਿੱਟਿਆਂ ਦਾ ਸਾਹਮਣਾ ਕਰਨਾ ਪਵੇਗਾ।

### 1. ਸਾਡੇ ਵਿਰੁਧ ਨਸਲੀ ਵਿਤਕਰਾ ਵਧੇਗਾ

ਜੇਕਰ ਅਸੀਂ ਆਪ ਹੀ ਨਸਲਵਾਦੀ ਬਣਾਂਗੇ ਤਾਂ ਅਸੀਂ ਉਸ ਨਸਲਵਾਦ ਅਤੇ ਵਿਤਕਰੇ ਵਿਰੁੱਧ ਜਿਸਦਾ ਸਾਨੂੰ ਨਿੱਤ ਦਿਨ ਹਿੰਦੂ ਜਾਂ ਸਿੱਖ ਹੋਣ ਦੇ ਫਰਕ ਫਰਕ ਤੋਂ ਬਿਨਾਂ ਸਾਹਮਣਾ ਕਰਨਾ ਪੈਂਦਾ ਹੈ, ਕਿਸ ਤਰ੍ਹਾਂ ਆਵਾਜ਼ ਉਠਾ ਸਕਾਂਗੇ। ਇਸ ਤਰ੍ਹਾਂ ਆਪਣੇ ਆਪ ਨੂੰ ਕਮਜ਼ੋਰ ਕਰਕੇ ਅਸੀਂ ਕੂ ਕੁਲੈਕਸ ਕਲੈਨ ਵਰਗੇ ਖਤਰਨਾਕ ਨਸਲਵਾਦੀਆਂ ਦੇ ਸੌਖੇ ਹੀ ਸ਼ਿਕਾਰ ਹੋ ਸਕਾਂਗੇ ਜਿਹੜਾ ਕਿ ਬੀ. ਸੀ. ਵਿਚ ਪਹਿਲਾਂ ਹੀ ਨਫਰਤ ਭਰਿਆ ਪ੍ਰਚਾਰ ਸ਼ੁਰੂ ਕਰ ਰੱਖਿਆ ਹੈ।

### 2. ਸਾਡੇ ਬੱਚਿਆਂ ਅਤੇ ਨੌਜਵਾਨਾਂ ਉਪਰ ਮਾੜਾ ਅਸਰ

ਸਾਡੇ ਬਹੁਤੇ ਬੱਚਿਆਂ ਨੂੰ ਅੰਗਰੇਜ਼ੀ ਸਿਖਣਾ ਸਪੈਸ਼ਲ ਟਰੇਨਿੰਗ ਦੀ ਲੋੜ ਹੈ ਅਤੇ ਅਸੀਂ ਇਕੱਠੇ ਹੋ ਕੇ ਹੀ ਆਪਣੇ ਬੱਚਿਆਂ ਲਈ ਅੰਗਰੇਜ਼ੀ ਨੂੰ ਦੂਜੀ ਭਾਸ਼ਾ ਦੇ ਤੌਰ ਤੇ ਪੜ੍ਹਾਏ ਜਾਣ ਲਈ ਖਾਸ ਸਹੂਲਤਾਂ ਦੀ ਮੰਗ ਕਰ ਸਕਦੇ ਹਾਂ। ਜੇ ਅਸੀਂ ਆਪਸ ਵਿਚ ਹੀ ਲੜਦੇ ਰਹੇ ਤਾਂ ਅਜਿਹੇ ਨਿਸ਼ਾਨੇ ਕਿਵੇਂ ਹਾਸਲ ਕਰ ਸਕਾਂਗੇ। ਸਾਡੇ ਬੱਚੇ ਵੀ ਇਸ ਫੁਟ ਪਾਊ ਝਗੜੇ ਵਿਚ ਫਿਰ ਰਹੇ ਹਨ ਅਤੇ ਸਕੂਲਾਂ ਵਿਚ ਉਨ੍ਹਾਂ ਲਈ ਹਾਸੋਹੀਣੀ ਹਾਲਾਤ ਪੈਦਾ ਹੋ ਰਹੇ ਹਨ।

ਸਾਡੇ ਨੌਜਵਾਨਾਂ ਦੀ ਸ਼ਕਤੀ ਇਥੇ ਦੀਆਂ ਸਥਾਨਕ ਮੁਸ਼ਕਲਾਂ ਨੂੰ ਹੱਲ ਕਰਨ ਵੱਲ ਲਾਏ ਜਾਣ ਦੀ ਥਾਂ ਅਜਿਹੇ ਝਗੜਿਆਂ ਵਿਚ ਅੰਞਾਈਂ ਗੁਆਈ ਜਾਵੇਗੀ ਜਿਨ੍ਹਾਂ ਦਾ ਉਨ੍ਹਾਂ ਦੇ ਭਵਿੱਖ ਨਾਲ ਕੋਈ ਸਬੰਧ ਨਹੀਂ।

### 3. ਅਸੀਂ ਅਲੱਗ ਥਲੱਗ ਹੋ ਜਾਵਾਂਗੇ

ਕੈਨੇਡਾ ਵਿਚ ਘੱਟ ਗਿਣਤੀਆਂ ਪਿਛਲੇ ਕੁਝ ਸਮੇਂ ਵਿਚ ਹੀ ਰਾਜਸੀ ਤਾਕਤ ਬਣ ਕੇ ਉਭਰੀਆਂ ਹਨ। ਜੇ ਅਸੀਂ ਆਪੋ ਵਿਚ ਹੀ ਲੜਦੇ ਝਗੜਦੇ ਰਹੇ ਅਤੇ ਆਪਣੇ ਪਿਛਲੇ ਮੁਲਕ ਦੀਆਂ ਸਮੱਸਿਆਵਾਂ ਵਿਚ ਹੀ ਉਲਝੇ ਰਹੇ ਤਾਂ ਇਸ ਮੁਲਕ ਵਿਚ ਅਸੀਂ ਅਲੱਗ ਥਲੱਗ ਹੋ ਕੇ ਰਹਿ ਜਾਵਾਂਗੇ।

### 4. ਕਮਿਊਨਿਟੀ ਦੀ ਬਦਨਾਮੀ ਹੋਵੇਗੀ

ਹਿੰਸਾ ਅਤੇ ਗ਼ੈਰ-ਜਮਹੂਰੀ ਕਾਰਵਾਈਆਂ ਲਾਜ਼ਮੀ ਤੌਰ ਤੇ ਸਾਡੀ ਕਮਿਊਨਿਟੀ ਦੀ ਬਦਨਾਮੀ ਦਾ ਕਾਰਨ ਬਣਨਗੀਆਂ।

### 5. ਸਮਾਜਕ ਸਬੰਧਾਂ ਦਾ ਤਾਣਾ ਉਲਝੇਗਾ

ਸ਼ਾਇਦ ਸਭ ਤੋਂ ਗੰਭੀਰ ਸਿੱਟਾ ਸਾਡੇ ਸਮਾਜਕ ਤੇ ਮਨੋਵਿਗਿਆਨਕ ਸਬੰਧਾਂ ਦਾ ਤਾਣਾ ਖੇਰੂੰ ਖੇਰੂੰ ਹੋ ਰਿਹਾ ਹੈ। ਜਾਤੀ ਦੋਸਤੀਆਂ ਵਿਚ ਵੀ ਖਿਚਾਅ ਵਧ ਰਿਹਾ ਹੈ।

## ਏਕੇ ਵਿਚ ਹੀ ਬਰਕਤ ਹੈ

# ਕਮਿਊਨਿਟੀ ਵਿਚ ਸਦ ਭਾਵਨਾ ਦੇ ਮਸਲੇ ਸਬੰਧੀ ਇਕ ਮੀਟਿੰਗ ਬੁਲਾਰਿਆਂ ਵਲੋਂ ਕਵੀ ਗੁਰਚਰਨ ਰਾਮਪੁਰੀ ਉਪਰ ਹਮਲੇ ਦੀ ਨਿਖੇਧੀ

21 ਅਕਤੂਬਰ ਨੂੰ ਲੋਕ ਸਦਭਾਵਨਾ ਮੰਚ(FORUM FOR COMMUNAL HARMONY) ਵੱਲੋਂ ਮੋਬਰਲੀ ਪਾਰਕ ਕਮਿਊਨਿਟੀ ਸੈਂਟਰ ਵਿਖੇ ਇਕ ਮੀਟਿੰਗ ਸੱਦੀ ਗਈ। ਇਸ ਮੀਟਿੰਗ ਦਾ ਮਕਸਦ ਸੀ ਭਾਰਤੀ ਕਮਿਊਨਿਟੀ ਦੇ ਉਨ੍ਹਾਂ ਲੋਕਾਂ ਦੇ ਘੇਰੇ ਨੂੰ ਚੌੜਾ ਕਰਨਾ, ਜੋ ਕਮਿਊਨਿਟੀ ਵਿਚ ਏਕਤਾ ਦੇ ਹਾਮੀ ਹਨ। ਇਸ ਮੀਟਿੰਗ ਵਿਚ 60 ਤੋਂ ਉਪਰ ਲੋਕ ਸ਼ਾਮਲ ਹੋਏ। ਇਸ ਮੀਟਿੰਗ ਵਿਚ ਵੱਖ ਵੱਖ ਜਥੇਬੰਦੀਆਂ ਜਿਵੇਂ : ਬੀ. ਸੀ. ਓ. ਐਫ. ਆਰ.(B.C.O.F.O.R.) ਵਲੋਂ ਚਰਨਪਾਲ ਗਿੱਲ, ਵੈਨਕੂਵਰ ਸੱਥ ਵਲੋਂ ਮੱਖਣ ਟੁੱਟ, ਇਪਾਨਾ ਵਲੋਂ ਹਰਿੰਦਰ ਮਾਹਿਲ, ਸਮਾਨਤਾ ਵਲੋਂ ਸੁਰਜੀਤ ਕਲਸੀ, ਕਨੇਡੀਅਨ ਫਾਰਮਵਰਕਰਜ਼ ਯੂਨੀਅਨ ਵਲੋਂ ਰਾਜ ਚੌਹਾਨ, ਇੰਡੋ ਕਨੇਡੀਅਨ ਵੁਮੈਨ ਫਾਰ ਪੀਸ ਐਂਡ ਫਰੀਡਮ ਵਲੋਂ ਸੁਸ਼ਮਾ ਆਦਿ ਅਤੇ ਵਿਅਕਤੀਗਤ ਤੌਰ ਤੇ ਉਜੱਲ ਦੁਸਾਂਝ ਹੁਰਾਂ ਆਦਿ ਆਪਣੇ ਵਿਚਾਰ ਪ੍ਰਗਟ ਕੀਤੇ।

ਮੀਟਿੰਗ ਦੇ ਆਰੰਭ ਵਿਚ ਲੋਕ ਸਦਭਾਵਨਾ ਮੰਚ ਦੇ ਬੁਲਾਰੇ ਸੁਖਵੰਤ ਸਿੰਘ ਹੁੰਦਲ ਨੇ ਸਾਰੇ ਆਏ ਹੋਏ ਲੋਕਾਂ ਨੂੰ ਜੀ ਆਇਆਂ ਆਖਿਆ। ਉਨ੍ਹਾਂ ਸਦਭਾਵਨਾ ਮੰਚ ਦੀ ਸਥਾਪਨਾ ਬਾਰੇ ਦੱਸਦਿਆਂ ਕਿਹ ਕਿ ਕਈ ਹਫਤੇ ਵੱਖ ਵੱਖ ਜਥੇਬੰਦੀਆਂ ਵਲੋਂ ਵਿਅਕਤੀਗਤ ਤੌਰ ਤੇ ਲੋਕ ਕਮਿਊਨਿਟੀ ਦੀ ਮੌਜੂਦਾ ਹਾਲਤ ਤੇ ਵਿਚਾਰ ਵਟਾਂਦਰਾ ਕਰਨ ਲਈ ਮਿਲਦੇ ਰਹੇ ਅਤੇ ਅੰਤ ਵਿਚ ਇਹ ਸੋਚਦਿਆਂ ਕਿ, **"ਅਸੀਂ ਕਮਿਊਨਿਟੀ ਵਿਚ ਵੰਡੀਆਂ ਨਹੀਂ ਪੈਣ ਦੇਣੀਆਂ, ਕਮਿਊਨਿਟੀ ਵਿਚ ਨਫਰਤ ਨਹੀਂ ਫੈਲਣ ਦੇਣੀ"** ਲੋਕ ਸਦਭਾਵਨਾ ਮੰਚ ਦੀ ਸਥਾਪਨਾ ਕੀਤੀ ਗਈ।

ਉਨ੍ਹਾਂ ਕਿਹਾ ਕਿ "ਭਾਰਤੀ ਹਕੂਮਤ ਵਲੋਂ ਗੋਲਡਨ ਟੈਂਪਲ ਉਪਰ ਹਮਲੇ ਦੀ ਹਰ ਡੈਮੋਕਰੈਟਿਕ ਵਿਅਕਤੀ ਨੂੰ ਨਿਖੇਧੀ ਕਰਨੀ ਚਾਹੀਦੀ ਹੈ। ਲੋਕ ਸਦਭਾਵਨਾ ਮੰਚ ਇਸ ਹਮਲੇ ਦੀ ਨਿਖੇਧੀ ਕਰਦਾ ਹੈ ਅਤੇ ਇਸਦੇ ਨਾਲ ਹੀ ਅਸੀਂ ਆਮ ਲੋਕਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਦੁੱਖ ਦੀ ਇਸ ਘੜੀ ਵਿਚ ਠਰੰਮੇ ਨਾਲ ਸੋਚਣ ਅਤੇ ਸੁਚੇਤ ਰਹਿਣ ਕਿ ਉਨ੍ਹਾਂ ਦੇ ਇਸ ਦੁੱਖ ਅਤੇ ਗੁਸੇ ਨੂੰ ਕੁਝ ਮੌਕਾਪ੍ਰਸਤ ਲੋਕ ਆਪਣੇ ਹਿਤਾਂ ਲਈ ਨਾ ਵਰਣ।" ਉਨ੍ਹਾਂ ਇਸ ਸਮੇਂ ਕੈਨੇਡਾ ਵਿਚ ਭਾਰਤੀ ਕਮਿਊਨਿਟੀ ਦੇ ਪਿਛਲੇ ਇਤਿਹਾਸ ਵੱਲ ਸੰਕੇਤ ਕੀਤਾ। ਉਨ੍ਹਾਂ ਕਿਹਾ, "ਸੰਨ 1947 ਵਿਚ ਇੰਡੀਆ ਭਾਰਤ ਅਤੇ ਪਾਕਿਸਤਾਨ ਵਿਚ ਵੰਡਿਆ ਗਿਆ ਤਾਂ ਉਸ ਸਮੇਂ ਇੰਡੀਆ ਵਿਚ ਹਿੰਦੂ, ਸਿੱਖ, ਮੁਸਲਮਾਨ ਇਕ ਦੂਜੇ ਦੇ ਕਤਲ ਕਰ ਰਹੇ ਸਨ ਅਤੇ ਇਕ ਦੂਜੇ ਦੀਆਂ ਧੀਆਂ ਭੈਣਾਂ ਦੀ ਬੇਪਤੀ ਕਰ ਰਹੇ ਸਨ। ਪਰ ਉਸ ਸਮੇਂ ਕੈਨੇਡਾ ਵਿਚ ਰਹਿ ਰਹੀ ਭਾਰਤੀ, ਕਮਿਊਨਿਟੀ ਜਿਸ ਵਿਚ ਸਿੱਖ ਸਨ, ਹਿੰਦੂ ਸਨ, ਮੁਸਲਮਾਨ ਸਨ, ਬਿਨਾਂ ਕਿਸੇ ਭੇਦਭਾਵ ਦੇ ਪਿਆਰ ਨਾਲ ਰਹਿ ਰਹੀ ਸੀ। ਕੈਨੇਡਾ ਤੋਂ 14000 ਮੀਲ ਦੂਰ ਫੈਲੀ ਧਾਰਮਿਕ ਨਫਰਤ ਦਾ ਏਥੇ ਕੋਈ ਨਾਂ ਨਿਸ਼ਾਂਨ ਨਹੀਂ ਸੀ। ਇਸ ਸਮੇਂ ਵੀ ਲੋੜ ਹੈ ਕਿ ਬਜ਼ੁਰਗਾਂ ਦੀ ਉਸ ਸ਼ਾਨਦਾਰ ਰਵਾਇਤ ਨੂੰ ਕਾਇਮ ਰੱਖਿਆ ਜਾਵੇ।

ਉਨ੍ਹਾਂ ਅੱਗੇ ਚੱਲ ਕੇ ਕਿਹਾ, "ਲੋਕ ਸਦਭਾਵਨਾ ਮੰਚ ਇਸ ਗੱਲ ਵਿਚ ਯਕੀਨ ਰੱਖਦਾ ਹੈ ਕਿ ਇਸ ਡੈਮੋਕਰੈਟਿਕ ਦੇਸ਼ ਵਿਚ ਹਰ ਇਕ ਨੂੰ ਆਜ਼ਾਦੀ ਨਾਲ ਬੋਲਣ, ਲਿਖਣ ਅਤੇ ਸੋਚਣ ਦਾ ਪੂਰਾ ਅਧਿਕਾਰ ਹੈ। ਇਸ ਸਮੇਂ ਸਾਡੀ ਕਮਿਊਨਿਟੀ ਵਿਚ ਕੁਝ ਲੋਕਾਂ ਵਲੋਂ ਲੋਕਾਂ ਦੀ ਇਸ ਆਜ਼ਾਦੀ ਉਪਰ ਹਮਲੇ ਕੀਤੇ ਜਾ ਰਹੇ ਹਨ। ਹੁਣੇ ਜਿਹੇ ਪੰਜਾਬੀ ਦੇ ਕਵੀ ਗੁਰਚਰਨ ਰਾਮਪੁਰੀ ਉਪਰ ਹੋਇਆ ਹਮਲਾ ਵੀ ਇਸ ਹੀ ਕੜੀ ਦਾ ਇਕ ਹਿੱਸਾ ਹੈ। ਲੋਕ ਸਦਭਾਵਨਾ ਮੰਚ ਇਸ ਹਮਲੇ ਦੀ ਨਿਖੇਧੀ ਕਰਦਾ ਹੈ। ਇਸਦੇ ਨਾਲ ਹੀ ਅਸੀਂ ਉਨ੍ਹਾਂ ਕੁਝ ਲੋਕਾਂ ਨੂੰ ਦੱਸਣਾ ਚਾਹਾਂਗੇ ਕਿ ਲੋਕ ਅਜਿਹੇ ਹਮਲੇ ਸਹਿਣ ਨਹੀਂ ਕਰਨਗੇ।

ਇਸ ਤੋਂ ਪਿਛੋਂ ਬੀ. ਸੀ. ਓ. ਐਫ. ਆਰ. ਦੇ ਪ੍ਰਧਾਨ ਚਰਨਪਾਲ ਗਿੱਲ ਹੁਰੀ ਆਪਣੇ ਵਿਚਾਰ ਪ੍ਰਗਟਾਏ। ਉਨ੍ਹਾਂ ਕਿਹਾ, "ਉਹਨਾਂ ਦੀ ਜਥੇਬੰਦੀ ਅੰਤਰਰਾਸ਼ਟਰੀ ਮਸਲਿਆਂ ਬਾਰੇ ਕੁਝ ਨਹੀਂ ਕਹਿਣਾ ਚਾਹੁੰਦੀ। ਪਰ ਜੇ ਕਿਸੇ ਵੀ ਕਾਰਨ ਕਨੇਡਾ ਵਿਚ ਰਹਿ ਰਹੀ ਸਾਡੀ ਕਮਿਊਨਿਟੀ ਵਿਚ ਫੁੱਟ ਪੈਂਦੀ ਹੈ ਜਾਂ ਕਿਸੇ ਕਿਸਮ ਦਾ ਵਿਤਕਰਾ ਹੁੰਦਾ ਹੈ ਤਾਂ ਅਸੀਂ ਉਸਦਾ ਡਟ ਕੇ ਵਿਰੋਧ ਕਰਾਂਗੇ। ਉਨ੍ਹਾਂ ਗੁਰਚਰਨ ਰਾਮਪੁਰੀ ਉਪਰ ਹੋਏ ਹਮਲੇ ਦੀ ਨਿਖੇਧੀ ਕੀਤੀ।

ਵੈਨਕੂਵਰ ਸੱਥ ਦੇ ਨੁਮਾਇੰਦੇ ਮੱਖਣ ਟੁੱਟ ਨੇ ਬੋਲਦਿਆਂ ਕਿਹਾ, "ਵੈਨਕੂਵਰ ਸੱਥ ਕਮਿਊਨਿਟੀ ਦੀ ਏਕਤਾ ਵਿਚ ਯਕੀਨ ਰੱਖਦੀ ਹੈ ਅਤੇ

(ਬਾਕੀ ਪੰਨਾ 13 ਤੇ)

# ਨਹਿਰ ਤੋੜਨ ਵਾਲੇ ਅਤਿਵਾਦੀਆਂ ਨੂੰ ਮਦਦ ਦੇਣ ਵਾਲੇ ਦਾ ਸੁਰਾਗ ਮਿਲਿਆ — ਛੇ ਤੋਂ ਵੱਧ ਹੋਰ ਕਾਬੂ

ਰੋਪੜ — ਭਾਖੜਾ ਨਹਿਰ ਤੋੜਨ ਸਬੰਧੀ ਫੜੇ ਗਏ ਕਥਿਤ ਅਤਿਵਾਦੀਆਂ ਨੂੰ ਮਾਲੀ ਸਹਾਇਤਾ ਦੇਣ ਵਾਲੇ ਵਿਅਕਤੀ ਦਾ ਵੀ ਪਤਾ ਲਗਾ ਲਿਆ ਗਿਆ ਹੈ। ਇਸ ਗੱਲ ਦਾ ਦਾਅਵਾ ਜ਼ਿਲਾ ਪੁਲੀਸ ਕਪਤਾਨ ਮੁਹੰਮਦ ਇਜ਼ਹਾਰ ਆਲਮ ਨੇ ਇਥੇ ਪੱਤਰਕਾਰਾਂ ਨੂੰ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਕੀਤਾ। ਸ੍ਰੀ ਆਲਮ ਮੁਤਾਬਿਕ ਮਾਲੀ ਮਦਦ ਦੇਣ ਵਾਲਾ ਵਿਅਕਤੀ ਖੰਨੇ ਦਾ ਇਕ ਵਪਾਰੀ ਹੈ ਤੇ ਉਹ ਚੰਨੀ ਦੇ ਨਾਂ ਨਾਲ ਪ੍ਰਸਿੱਧ ਹੈ। ਸ੍ਰੀ ਆਲਮ ਨੇ ਦੱਸਿਆ ਕਿ ਚੰਨੀ ਤੇ ਅਤਿਵਾਦੀਆਂ ਵਿਚਕਾਰ ਵਰਿੰਦਰ ਸਿੰਘ ਤੇ ਉਸ ਦਾ ਭਰਾ ਰਜਿੰਦਰ ਸਿੰਘ ਰਾਣਾ ਰਾਹੀਂ ਤਾਲਮੇਲ ਸੀ। ਵਰਿੰਦਰ ਸਿੰਘ ਨੂੰ ਪੁਲੀਸ ਨੇ ਫੜ ਲਿਆ ਅਤੇ ਰਜਿੰਦਰ ਸਿੰਘ ਰਾਣਾ ਅਜੇ ਤਕ ਪੁਲੀਸ ਮੁਤਾਬਿਕ ਨਹੀਂ ਫੜਿਆ ਗਿਆ।

ਸ੍ਰੀ ਆਲਮ ਨੇ ਦਸਿਆ ਕਿ ਵਰਿੰਦਰ ਸਿੰਘ ਪਾਸੋਂ ਇਕ ਪਿਸਤੌਲ ਇਕ ਹੈਂਡ ਗਰਨੇਡ ਤੇ ਕੁਝ ਹੋਰ ਧਮਾਕਾਖੇਜ਼ ਹਥਿਆਰ ਬਰਾਮਦ ਹੋਏ। ਵਰਿੰਦਰ ਸਿੰਘ ਦੀ ਵੀ ਨਹਿਰ ਤੋੜਨ ਦੇ ਕੇਸ ਦੇ ਸਬੰਧ 'ਚ ਪੁਲੀਸ ਨੂੰ ਭਾਲ ਸੀ ਤੇ ਨਹਿਰ ਨਾਲ ਸਬੰਧਤ ਕੇਸ 'ਚ ਫੜਿਆ ਜਾਣ ਵਾਲਾ ਉਹ 11ਵਾਂ ਵਿਅਕਤੀ ਹੈ।

ਇਸ ਦੌਰਾਨ ਪੁਲੀਸ ਨੇ ਕੁਝ ਹੋਰ ਕਥਿਤ ਅਤਿਵਾਦੀ ਗ੍ਰਿਫਤਾਰ ਕੀਤੇ ਹਨ। ਸ੍ਰੀ ਆਲਮ ਮੁਤਾਬਿਕ ਕੋਟਲਾ ਨਿਹੰਗ ਦੇ ਸ੍ਰੀ ਗੁਰਵਿੰਦਰ ਸਿੰਘ ਨੂੰ ਫੜਿਆ ਹੈ ਤੇ ਉਸ ਤੋਂ 12 ਬੋਰ ਦੀ ਗੰਨ ਬਰਾਮਦ ਹੋਈ ਹੈ। ਪੁਲੀਸ ਅਨੁਸਾਰ 19 ਅਕਤੂਬਰ ਦੀ ਰਾਤ ਨੂੰ ਗੁਰਵਿੰਦਰ ਸਿੰਘ ਖਾਲਿਸਤਾਨ ਦੇ ਸਬੰਧ 'ਚ ਤਿੰਨ ਹੋਰ ਅਤਿਵਾਦੀਆਂ ਨਾਲ ਪੋਸਟਰ ਲਗਾ ਰਿਹਾ ਸੀ ਤੇ ਉਹ ਭੱਜਣ 'ਚ ਸਫਲ ਹੋ ਗਿਆ ਸੀ ਜਦ ਕਿ ਉਸ ਦੇ ਤਿੰਨ ਸਾਥੀ ਫੜ ਲਏ ਗਏ ਸਨ।

## ਕੰਨਿਆ ਦੀ ਲੋੜ

ਰਾਮਗੜ੍ਹੀਆ ਸਿੱਖ ਲੜਕਾ ਉਮਰ 22 ਸਾਲ, ਲੰਬਾ ਕੱਦ ਸਾਊ ਸੁਭਾਅ ਖੂਬਸੂਰਤ ਜੋ ਕਿ ਇੰਡੀਆ ਹੈ ਦੇ ਵਾਸਤੇ ਕਨੇਡੀਅਨ ਇੰਮੀਗਰੈਂਟ ਲੜਕੀ ਦੀ ਜ਼ਰੂਰਤ ਹੈ। ਉਮਰ ਕੁਝ ਵੱਧ ਘੱਟ ਜਾਂ ਡਾਈਵੋਰਸ ਕੇਸ ਭੀ ਹੋਵੇ ਤਾਂ ਭੀ ਗੱਲਬਾਤ ਕੀਤੀ ਜਾ ਸਕਦੀ ਹੈ। ਹੋਰ ਜਾਣਕਾਰੀ ਲਈ ਸੱਜਣ ਹੇਠ ਲਿਖੇ ਪਤੇ ਉਮਰ ਆਪਣਾ ਨਾਮ, ਐਡਰੈਸ ਤੇ ਫੋਨ ਨੰ: ਸਮੇਤ ਚਿੱਠੀ ਪੱਤਰ ਪਾਉਣ ਦੀ ਕ੍ਰਿਪਾ ਕਰਨ।

**POST OFFICE**
**BOX 2863**
**WINNIPEG, MANITOBA R3C 4B4**

# ਸ਼੍ਰੋਮਣੀ ਸਿੱਖ ਸੇਵਕ ਦਲ ਵਲੋਂ ਸੰਗਤ ਦੇ ਨਾਂ ਖੁਲ੍ਹੀ ਚਿੱਠੀ

ਸਤਿਕਾਰਯੋਗ ਸਾਧ ਸੰਗਤ ਜੀਉ,

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ॥

ਨਿਮਰਤਾ ਸਹਿਤ ਬੇਨਤੀ ਹੈ ਕਿ ਆਪ ਸਭ ਸੰਗਤਾਂ ਜਾਣਦੀਆਂ ਹੀ ਹਨ ਕਿ ਪਹਿਲਾਂ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੀ ਕੋਈ ਚੋਣ ਨਹੀਂ ਸੀ ਹੁੰਦੀ, ਸੇਵਾਦਾਰ ਸੰਗਤਾਂ ਵਿਚੋਂ ਸਰਬ ਸੰਮਤੀ ਨਾਲ ਚੁਣੇ ਜਾਂਦੇ ਸਨ ਅਤੇ ਉਨ੍ਹਾਂ ਸੇਵਾਦਾਰਾਂ ਨੇ ਪਿਛਲੇ 75 ਸਾਲਾਂ ਵਿਚ ਸਾਡੀ ਕੌਮ ਦੀ ਅਧਥੱਕ ਸੇਵਾ ਕੀਤੀ। ਪਿਛਲੇ 6-7 ਸਾਲ ਤੋਂ ਹਰ ਸਾਲ ਵੋਟਾਂ ਨਾਲ ਕਮੇਟੀਆਂ ਚੁਣੀਆਂ ਜਾਂਦੀਆਂ ਆ ਰਹੀਆਂ ਹਨ, ਜਿਸ ਨਾਲ ਸਾਰੀ ਕੌਮ ਦੁਫਾੜ ਹੋਈ ਪਈ ਹੈ। ਪਿਛਲੇ ਸਾਲ ਅਸੀਂ ਇਕ ਨਿਰੋਲ ਧਾਰਮਿਕ ਅਤੇ ਸਾਂਝੀ ਸਲੇਟ ਨੇ ਚੋਣ ਵਿਚ ਹਿਸਾ ਲਿਆ ਸੀ। ਤਾਂ ਆਪ ਸੰਗਤਾਂ ਨੇ 49.68 ਪ੍ਰਤੀਸ਼ਤ ਸਾਡੀ ਸਲੇਟ ਨੂੰ ਵੋਟਾਂ ਪਾਈਆਂ ਅਤੇ 50.32 ਪ੍ਰਤੀਸ਼ਤ ਮੌਜੂਦਾ ਪ੍ਰਬੰਧਕ ਕਮੇਟੀ ਨੂੰ। ਮੌਜੂਦਾ ਪ੍ਰਬੰਧਕ ਕਮੇਟੀ ਨੂੰ ਸਾਡੇ ਤੋਂ ਸਿਰਫ 0.64 ਪ੍ਰਤੀਸ਼ਤ ਵੱਧ ਵੋਟਾਂ ਮਿਲੀਆਂ ਸਨ। ਉਹ ਵੀ ਬਾਅਦ ਵਿਚ ਮੰਨ ਲਿਆ ਗਿਆ ਸੀ ਕਿ ਚੋਣ ਕਰਵਾਉਣ ਅਤੇ ਮੈਂਬਰਸ਼ਿਪ ਦੀ ਭਰਤੀ ਵਿਚ ਕੁਝ ਤਰੁਟੀਆਂ ਰਹਿ ਗਈਆਂ ਸਨ, ਨਹੀਂ ਤਾਂ ਪਤਾ ਨਹੀਂ ਚੋਣ ਨਤੀਜਾ ਕੀ ਹੁੰਦਾ ਜੇ ਕਰ ਦੋਹਾਂ ਹੀ ਸਲੇਟਾਂ ਨੂੰ ਇਕੋ ਜਿਹੀਆਂ ਸਹੂਲਤਾਂ 1983 ਦੀ ਕਮੇਟੀ ਵਲੋਂ ਿ ਦਿਤੀਆਂ ਜਾਂਦੀਆ? ਇਥੋਂ ਤੱਕ ਕਿ ਕੋਰਟ ਨੇ ਵੀ ਕਈ ਸੁਝਾਅ ਦਿੱਤੇ ਸਨ ਜੋ ਸਾਲ 1984 ਦੀ ਕਮੇਟੀ ਨੇ ਨਹੀਂ ਮੰਨੇ।

ਜਦ ਜੂਨ, 1984 ਨੂੰ ਸ੍ਰੀ ਦਰਬਾਰ ਸਾਹਿਬ ਉਪਰ ਹਮਲਾ ਹੋਇਆ ਤਾਂ ਇਸ ਸਾਂਝੇ ਪੰਥਕ ਸੰਕਟ ਸਮੇਂ ਅਸੀਂ ਫੈਸਲਾ ਕੀਤਾ ਕਿ ਇਸ ਸਾਲ ਅਸੀਂ ਚੋਣ ਨਹੀਂ ਲੜਾਂਗੇ, ਸਗੋਂ ਮੌਜੂਦਾ ਪ੍ਰਬੰਧਕ ਕਮੇਟੀ ਨੂੰ ਸਹਿਯੋਗ ਦੇਵਾਂਗੇ। ਜੋ ਕਿ ਅਸੀਂ ਪਿਛਲੇ ਛੇ ਮਹੀਨਿਆਂ ਤੋਂ ਕਰਦੇ ਆ ਰਹੇ ਹਾਂ। ਕਮੇਟੀ ਵਲੋਂ ਜੋ ਵੀ ਪ੍ਰੋਗਰਾਮ ਪ੍ਰੋਟੈਸਟ ਕਰਨ ਦਾ. ਮੀਟਿੰਗਾਂ ਕਰਨ ਦਾ ਅਤੇ ਮਾਇਆ ਇਕੱਤਰ ਕਰਨ ਦਾ ਜਾਂ ਹੋਰ ਕੰਮ ਕੀਤੇ ਗਏ, ਸਾਡੇ ਵੱਲੋਂ ਸੇਵਾਦਾਰਾਂ ਨੇ ਇਨ੍ਹਾਂ ਪ੍ਰੋਗਰਾਮਾਂ ਵਿਚ ਵਧ ਚੜ੍ਹ ਕੇ ਹਿੱਸਾ ਲਿਆ ਅਤੇ ਬਿਨਾਂ ਕਿਸੇ ਝਿਜਕ ਤੋਂ ਮਿਲਵਰਤਣ ਦਿੱਤਾ। ਪੰਥਕ ਸੰਕਟ ਸਮੇਂ ਸਾਡਾ ਸਭ ਦਾ ਫਰਜ਼ ਹੀ ਬਣਦਾ ਹੈ ਕਿ ਅਸੀਂ ਇਕੱਠੇ ਹੋ ਕੇ ਸੇਵਾ ਕਰੀਏ ਅਤੇ ਆਪਣੇ ਆਪਸੀ ਮੱਤਭੇਦ ਭੁਲ ਕੇ ਏਕਤਾ ਨਾਲ ਕੰਮ ਕਰੀਏ।

ਪਿਛਲੇ ਕੁਝ ਸਮੇਂ ਤੋਂ ਅਸੀਂ ਦੇਖ ਰਹੇ ਹਾਂ ਕਿ ਕਮਿਊਨਿਟੀ ਵਿਚ ਕਈ ਕਿਸਮ ਦੀਆਂ ਅਫਵਾਹਾਂ ਫੈਲਾਈਆਂ ਜਾ ਰਹੀਆਂ ਹਨ ਅਤੇ ਗਈ ਗਲਤ ਕੰਮ ਕੀਤੇ ਅਤੇ ਕਰਵਾਏ ਜਾ ਰਹੇ ਹਨ। ਸਿੱਖਾਂ ਨੂੰ ਸਿੱਖਾਂ ਦੇ ਵਿਰੁਧ ਲੜਾਇਆ ਜਾ ਰਿਹਾ ਹੈ। ਅਸੀਂ ਇਸ ਤਰ੍ਹਾਂ ਦੇ ਡਰੈਕਟ ਐਕਸ਼ਨਾਂ ਦੇ ਬਿਲਕੁਲ ਵਿਰੁਧ ਹਾਂ, ਜਿਸ ਨਾਲ ਆਪਸੀ ਏਕਤਾ ਨੂੰ ਸੱਟ ਲਗੇ। ਕੈਨੇਡੀਅਨ ਕਮਿਊਨਿਟੀ ਵਿਚ ਸਾਡਾ ਨਾਮ ਗਿਰੇ, ਕਿਸੇ ਹੋਰ ਧਰਮ ਦੀ ਇੱਜ਼ਤ ਕਰਨ ਦੀ ਬਜਾਏ ਉਸ ਧਰਮ ਦੇ ਦਿਨ ਤਿਹਾਰਾਂ ਨੂੰ ਖਰਾਬ ਕੀਤਾ ਜਾਏ, ਅਸੀਂ ਐਸੇ ਕੰਮਾਂ ਦੇ ਬਿਲਕੁਲ ਵਿਰੁਧ ਹਾਂ। ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਆਏ ਪੰਥਕ ਸੰਕਟ ਦਾ ਏਕਤਾ ਨਾਲ ਮੁਕਾਬਲਾ ਕਰੀਏ ਅਤੇ ਕੌਮ ਨੂੰ ਕੋਈ ਸੁਚਜਾ ਪ੍ਰੋਗਰਾਮ ਦੇਈਏ ਅਤੇ ਇਥੇ ਆਪਣੀ ਸੁਸਾਇਟੀ ਦੀ ਚੜ੍ਹਦੀ ਕਲਾ ਲਈ ਉਪਰਾਲੇ ਕਰੀਏ।

ਅਸੀਂ ਸਮੂੰਹ ਸੰਗਤਾਂ ਨੂੰ ਅਤੇ ਖਾਸ ਕਰਕੇ ਮੌਜੂਦਾ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੀ ਪ੍ਰਬੰਧਕ ਕਮੇਟੀ ਨੂੰ ਬੇਨਤੀ ਕਰਾਂਗੇ ਕਿ ਇਸ ਸਾਲ ਚੋਣਾਂ ਨਹੀਂ ਹੋਣੀਆਂ ਚਾਹੀਦੀਆਂ ਪਰ 49.68 ਪ੍ਰਤੀਸ਼ਤ ਲੋਕਾਂ ਦੀ ਪ੍ਰਤੀਨਿਧਤਾ ਨੂੰ ਵੀ ਮਿਲਵਰਤਣ ਨਾਲ, ਏਕਤਾ ਨਾਲ ਸਾਂਝਾ ਪ੍ਰੋਗਰਾਮ ਚਲਾਉਣ ਲਈ ਭਰੋਸੇ ਵਿਚ ਲਿਆ ਜਾਵੇ। ਇਹ ਅੰਕੜੇ ਪਿਛਲੇ ਸਾਲ ਦੇ ਹਨ, ਇਸ ਸਮੇਂ ਇਹ ਏਕਤਾ ਦੀ ਆਵਾਜ਼ ਮਿਲਵਰਤਣ ਦੀ ਆਵਾਜ਼ ਅਤੇ ਪੰਥਕ ਆਵਾਜ਼ ਬਹੁਤ ਹੀ ਬੁਲੰਦ ਹੈ। ਸਾਡਾ ਮਿਲਵਰਤਣ ਦੇਣ ਦਾ ਮਤਲਬ ਕੇਵਲ ਪੰਥਕ ਸੰਕਟ ਨੂੰ ਹੱਲ ਕਰਨਾ ਹੀ ਨਹੀਂ ਹੈ ਸਗੋਂ ਸੁਸਾਇਟੀ ਦੀ ਬੇਹਤਰੀ ਲਈ, ਚੰਗੇ ਪ੍ਰਬੰਧ ਲਈ, ਆਪਸੀ ਭਰਾਤਰੀ ਭਾਵ ਲਈ ਵੀ ਬਹੁਤ ਲਾਹੇਵੰਦ ਹੋਵੇਗਾ।

ਪਿਛਲੇ ਕੁਝ ਸਮੇਂ ਤੋਂ ਕਮਿਊਨਿਟੀ ਵਿਚ ਚਰਚਾ ਹੈ ਕਿ ਚੋਣਾਂ ਦੀ ਬਜਾਏ ਇਸ ਸਾਲ ਜੋ ਵੀ ਸੰਗਤਾਂ ਨਾਮ ਪੇਸ਼ ਕਰਨ ਉਨ੍ਹਾਂ ਦੀਆਂ ਪਰਚੀਆਂ ਪਾ ਲਈਆਂ ਜਾਣ ਅਤੇ ਇਸ ਤਰਾਂ ਸਾਂਝੇ ਸੇਵਾਦਾਰ ਅਗਲੇ ਸਾਲ ਸੇਵਾ ਕਰਨ ਅਤੇ ਸਾਰੀਆਂ ਸੰਗਤਾਂ ਸਾਰਾ ਸਾਲ ਏਕਤਾ ਨਾਲ ਮਿਲਵਰਤਣ ਦੇਣ। ਜੋ ਵੀ ਸੰਗਤਾਂ ਯੋਗ ਸਮਝਣ ਕੀਤਾ ਜਾਵੇ, ਪਰ ਇਕ ਹੀ ਧੜੇ ਦੇ ਲੋਕਾਂ ਦਾ - ਇਕ ਹੀ ਪੱਖੀ ਸੋਚਣੀ ਨਾਲ - ਸੁਸਾਇਟੀ ਉਪਰ ਇਸ ਸਾਲ ਕਾਬਜ਼ ਰਹਿਣਾ ਯੋਗ ਨਹੀਂ ਹੋਵੇਗਾ। ਇਸ ਗੱਲ ਦਾ ਇਹ ਵੀ ਭਾਵ ਨਾ ਸਮਝਣਾ ਕਿ ਅਸੀਂ ਆਪ ਖੁਦ ਕਮੇਟੀ ਵਿਚ ਆਉਣਾ ਚਾਹੁੰਦੇ ਹਾਂ, ਬੇਸ਼ੱਕ ਸਾਡੇ ਵਿਚੋਂ ਕੋਈ ਵੀ ਨਾ ਆਵੇ। ਅਸੀਂ ਫੇਰ ਵੀ ਪੰਥਕ ਸੰਕਟ ਸਮੇਂ ਚੋਣਾਂ ਨਹੀਂ ਲੜਾਂਗੇ। ਪਰ ਸਿੱਖ ਕੌਮ ਦੀ ਏਕਤਾ ਲਈ ਸਾਂਝੀ ਕਮੇਟੀ ਬਨਾਉਣੀ ਜ਼ਰੂਰੀ ਹੈ ਤਾਂਕਿ ਕੌਮ ਵਿਚੋਂ ਤਣਾਉ ਘਟੇ ਅਤੇ ਕੋਈ ਉਸਾਰੂ ਕੰਮ ਕੀਤੇ ਜਾਣ।

ਹੁਣ ਸੰਗਤਾਂ ਆਪੇ ਹੀ ਦੇਖਣ ਕਿ ਕਮੇਟੀ ਵਾਲੇ ਕੀ ਮਿਲਵਰਤਣ ਦਿੰਦੇ ਹਨ, ਅਸੀਂ ਬੈਠ ਚੁਕੇ ਹਾਂ, ਕੀ ਇਹ ਹੁਣ ਵੀ ਇਨਸਾਫ ਕਰਨ ਲਈ ਤਿਆਰ ਹਨ ਜਾਂ ਨਹੀਂ। ਉਸ ਉਪਰੰਤ ਅਸੀਂ ਸੰਗਤਾਂ ਨਾਲ ਵਿਚਾਰ ਕਰਕੇ ਹੀ ਕੋਈ ਕਦਮ ਚੁਕਾਂਗੇ। ਕੋਈ ਗਿਲਤੀ ਹੋਵੇ ਤਾਂ ਮਾਫ ਕਰਨਾ ਜੀ।

ਸੰਗਤਾਂ ਦੇ ਸੇਵਾਦਾਰ
ਸ਼੍ਰੋਮਣੀ ਸਿੱਖ ਸੇਵਕ ਦਲ, ਵੈਨਕੂਵਰ ਬੀ. ਸੀ.

(ਪੰਨਾ 19 ਦੀ ਬਾਕੀ)

ਕੀਤੀ ਗਈ ਜੋ ਪੰਜਾਬ ਦੇ ਰਾਜਪਾਲ ਸ੍ਰੀ ਕੇ. ਟੀ. ਸਤਾਰਾਵਾਲਾ ਨੂੰ ਅਜਿਹੀਆਂ ਖਬਰਾਂ ਦੇ ਸਪਸ਼ਟੀਕਰਨ ਲਈ ਮਿਲੇਗੀ।

ਮੀਟਿੰਗ ਵਿਚ ਕੇਂਦਰ ਸਰਕਾਰ ਦੀ ਇਸ ਯੋਜਨਾ 'ਤੇ ਵੀ ਚਿੰਤਾ ਪ੍ਰਗਟ ਕੀਤੀ ਗਈ ਜਿਸ ਵਿਚ ਪੰਜਾਬ ਸਕੂਲ ਸਿਖਿਆ ਬੋਰਡ ਨੂੰ ਐਨ. ਸੀ. ਏ. ਆਰ. ਟੀ. ਦੀਆਂ ਕਿਤਾਬਾਂ ਆਪਣੇ ਵਿਦਿਆਰਥੀਆਂ ਲਈ ਲਗਾਉਣ ਦੀ ਸਿਫਾਰਸ਼ ਕੀਤੀ ਜਾ ਰਹੀ ਹੈ। ਇਸ ਗੱਲ ਦਾ ਖਦ ਸ਼ਾ ਪ੍ਰਗਟ ਕੀਤਾ ਗਿਆ ਕਿ ਅਜਿਹੀਆਂ ਪੁਸਤਕਾਂ ਬੱਚਿਆਂ ਨੂੰ ਆਪਣੇ ਸਭਿਆਚਾਰ ਤੇ ਪੰਜਾਬੀਅਤ ਬਾਰੇ ਵਾਕਫੀਅਤ ਨਹੀਂ ਦੇ ਸਕਣਗੀਆਂ। ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਵੀ ਕਿਹਾ ਗਿਆ ਕਿ ਪ੍ਰੀਖਿਆ ਲਈ ਮਾਧਿਅਮ ਦੇ ਸਵਾਲ 'ਤੇ ਬੋਰਡ ਆਪਣਾ ਸਟੈਂਡ ਪੱਕਾ ਰੱਖੇ।

ਕੇਂਦਰੀ ਪੰਜਾਬੀ ਲੇਖਕ ਸਭਾ ਨੇ ਇਸ ਮੰਗ ਨੂੰ ਫਿਰ ਦੁਹਰਾਇਆ ਹੈ ਕਿ ਪੰਜਾਬੀ ਭਾਸ਼ਾ ਨੂੰ ਪੰਜਾਬ ਵਿਚ ਯੋਗ ਸਥਾਨ ਦਿਤਾ ਜਾਵੇ ਤੇ ਰਾਜ ਭਾਸ਼ਾ ਐਕਟ ਪੂਰੀ ਤਰ੍ਹਾਂ ਲਾਗੂ ਕੀਤਾ ਜਾਵੇ।.

# ਏਕਤਾ ਹੀ ਇਕ ਰਾਹ ਹੈ
## ਪ੍ਰੈਸ ਰੀਲੀਜ਼

ਸਤਿਕਾਰਯੋਗ ਸਾਧ ਸੰਗਤ ਜੀਉ ਅਤੇ ਖਾਲਸਾ ਦੀਵਾਨ ਸੁਸਾਇਟੀ ਦੇ ਮੈਂਬਰ ਸਾਹਿਬਾਨ ਜੀਉ,

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ॥

ਆਪ ਸਭ ਸੰਗਤਾਂ ਭਲੀ ਭਾਂਤ ਜਾਣਦੀਆਂ ਹੀ ਹੋ ਕਿ ਇਸ ਸਮੇਂ ਸਿੱਖ ਕੌਮ ਬਹੁਤ ਹੀ ਸੰਕਟ ਵਿਚੋਂ ਦੀ ਗੁਜ਼ਰ ਰਹੀ ਹੈ। ਇਹ ਸਮਾਂ ਅਠਾਰਵੀਂ ਸਦੀ ਤੋਂ ਵੀ ਸਿੱਖ ਕੌਮ ਉਪਰ ਭਿਆਨਕ ਹੈ। ਉਸ ਸਮੇਂ ਤਾਂ ਸਾਰਾ ਜਗਤ ਜਾਣਦਾ ਸੀ ਕਿ ਸਿੱਖ ਗੁਲਾਮ ਸਮਝੇ ਜਾਂਦੇ ਸਨ ਅਤੇ ਸਿੱਖਾਂ ਦਾ ਕੋਈ ਰਾਜ ਜਾਂ ਭਾਗ ਤਾਂ ਸਭਿਅਤਾ ਨਹੀਂ ਰਹਿਣ ਦੇਣਾ ਚਾਹੁੰਦੀਆਂ ਸਨ ਸਮੇਂ ਦੀਆਂ ਸਰਕਾਰਾਂ ਅਤੇ ਜ਼ਾਲਮ ਹਾਕਮ। ਪਰ ਇਸ ਸਮੇਂ ਕਿਹਾ ਜਾਂਦਾ ਹੈ ਕਿ ਸਿੱਖ ਆਜ਼ਾਦ ਹਨ, ਰਾਜ ਭਾਗ ਦੇ ਹਿੱਸੇਦਾਰ ਹਨ, ਇਸ ਲਈ ਲੜਾਈ ਹੋਰ ਵੀ ਕਠਨ ਹੈ। ਅਸਲੀਅਤ ਵਿਚ ਇਸ ਸਮੇਂ ਸਿੱਖ ਪਹਿਲਾਂ ਤੋਂ ਵੀ ਜ਼ਿਆਦਾ ਗੁਲਾਮ ਹਨ ਅਤੇ ਵਿਤਕਰੇ ਹੋ ਰਹੇ ਹਨ ਪਰ ਸਾਬਤ ਕਰਨਾ ਅਤੇ ਸਾਰੀ ਦੁਨੀਆਂ ਨੂੰ ਦੱਸਣਾ ਮੁਸ਼ਕਲ ਹੋ ਰਿਹਾ ਹੈ ਕਿਉਂਕਿ ਸਿੱਖਾਂ ਦੀ ਆਪਸੀ ਫੁੱਟ ਇਸ ਦਾ ਮੁਖ ਕਾਰਣ ਹੈ, ਸਿੱਖਾਂ ਦੀ ਨੀਤੀ ਸਪੱਸ਼ਟ ਨਹੀਂ ਹੈ, ਜੋ ਕਹਿਣਾ ਚਾਹੁੰਦੇ ਹਨ ਡਰਦੇ ਡਰਦੇ ਕਹਿੰਦੇ ਹਨ। ਸਭ ਤੋਂ ਵੱਧ ਖਤਰਾ ਹੈ ਕਿ ਦੂਸਰਾ ਸਿੱਖ ਭਰਾ ਹੀ ਵਿਰੋਧਤਾ ਨਾ ਸ਼ੁਰੂ ਕਰ ਦੇਵੇ। ਇਸ ਲਈ ਮੌਕੇ ਦੀ ਮੰਗ ਹੈ ਕਿ ਸਿੱਖਾਂ ਦੀ ਅਸੂਲ ਦੇ ਅਧਾਰ ਉਪਰ ਏਕਤਾ ਹੋਵੇ ਅਤੇ ਫਿਰ ਸਪਸ਼ਟ ਨੀਤੀ ਵਿਚਾਰ ਕਰਕੇ ਦੁਨੀਆਂ ਸਾਹਮਣੇ ਰੱਖੀ ਜਾਵੇ ਅਤੇ ਉਸ ਦੀ ਪ੍ਰਾਪਤੀ ਲਈ ਯੋਗ ਕਦਮ ਚੁਕਣੇ ਜਾਣ।

ਕੁਝ ਵੈਨਕੂਵਰ ਦੇ ਨਿਰਪੱਖ ਸਿੱਖਾਂ ਨੇ ਕੱਲ੍ਹ 28 ਅਕਤੂਬਰ ਨੂੰ ਇਕੱਠੇ ਹੋ ਕੇ ਵਿਚਾਰ ਕੀਤੀ ਕਿ ਸਭ ਸੰਗਤਾਂ ਨੂੰ ਏਕਤਾ ਲਈ ਬੇਨਤੀ ਕੀਤੀ ਜਾਵੇ ਕਿ ਕੌਮ ਵਿਚ ਫੁਟ ਪਾਉਣ ਦੀਆਂ ਕਾਰਵਾਈਆਂ ਬੰਦ ਕਰਨ ਲਈ ਇਸ ਸਾਲ ਗੁਰੂ ਘਰਾਂ ਵਿਚ ਕਮੇਟੀਆਂ ਚੁਣਨ ਲਈ ਇਲੈਕਸ਼ਨਾਂ ਨਾ ਕਰਵਾਈਆਂ ਜਾਣ ਸਗੋਂ ਸਰਬ ਸੰਮਤੀ ਨਾਲ ਸੇਵਾਦਾਰ ਚੁਣੇ ਜਾਣ। ਜਿੰਨ੍ਹਾਂ ਸੇਵਾਦਾਰਾਂ ਨੂੰ ਸਾਰੀਆਂ ਸੰਗਤਾਂ ਦਾ ਮਿਲਵਰਤਣ ਪ੍ਰਾਪਤ ਹੋਵੇ ਤਾਂ ਕਿ ਉਹ ਸੇਵਾਵਾਂ ਅਤੇ ਕੌਮ ਦੇ ਭਵਿਖ ਲਈ ਠੀਕ ਫੈਸਲੇ ਕਰਕੇ ਲਾਗੂ ਕਰਵਾਉਣ ਵਿਚ ਕਾਮਯਾਬ ਹੋ ਸਕਣ। ਕਿਸੇ ਵੀ ਗੁਰੂ ਘਰ ਵਿਚ ਇਸ ਸਾਲ ਚੋਣਾਂ ਨਹੀਂ ਹੋਣੀਆਂ ਚਾਹੀਦੀਆਂ।

ਕਾਫੀ ਚੰਗੀ ਗੱਲ ਹੈ ਕਿ ਇਸ ਸਾਲ ਵੈਨਕੂਵਰ ਦੇ ਗੁਰਦੁਆਰਿਆਂ ਵਿਚ ਚੋਣਾਂ ਨਹੀਂ ਹੋ ਰਹੀਆਂ। ਹੁਣ ਕਾਬਜ਼ ਧੜਿਆਂ ਦਾ ਫਰਜ਼ ਬਣਦਾ ਹੈ ਕਿ ਇਸ ਮੌਕੇ ਦਾ ਫਾਇਦਾ ਉਠਾ ਕੇ ਕੌਮ ਵਿਚ ਏਕਤਾ ਪੈਦਾ ਕਰਨ ਲਈ ਸਾਰੀ ਕਮਿਊਨਿਟੀ ਵਿਚੋਂ ਸਾਂਝੇ ਸੇਵਾਦਾਰ ਚੁਣਨ ਲਈ ਇਕ ਵਿਸ਼ਾਲ ਮੀਟਿੰਗ ਗੁਰਦੁਆਰਾ ਸਾਹਿਬ ਵਿਚ ਸੱਦ ਕੇ ਸੇਵਾਦਾਰ ਚੁਣਨ ਜਾਂ ਪਰਚੀਆਂ ਪਾ ਕੇ ਗੁਰੂ ਸਾਹਿਬ ਜੀ ਦੀ ਹਜ਼ੂਰੀ ਵਿਚ ਸੇਵਾਦਾਰ ਨਿਯੁਕਤ ਕੀਤੇ ਜਾਣ। ਤਾਂ ਕਿ ਇਸ ਤਰੀਕੇ ਅਨੁਸਾਰ ਹੀ ਸਾਂਝੇ ਸੇਵਾਦਾਰ ਚੁਣੇ ਜਾ ਸਕਦੇ ਹਨ। ਵੈਨਕੂਵਰ ਵਿਚ ਇਸ ਸਮੇਂ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੀ ਮੈਂਬਰਸ਼ਿਪ ਵਿਚ ਸਾਰੀਆਂ ਸੰਗਤਾਂ ਕਈ ਇਕ ਸਭਾਵਾਂ ਵਿਚ ਵੰਡੀਆਂ ਹੋਈਆਂ ਹਨ। ਮਿਸਾਲ ਦੇ ਤੌਰ ਉਪਰ ਅਸੀਂ ਕੁਝ ਇਕ ਦੇ ਨਾਮ ਦੇ ਸਕਦੇ ਹਾਂ :— ਸ਼੍ਰੋਮਣੀ ਅਕਾਲੀ ਦਲ ਐਸੋਸੀਏਸ਼ਨ ਆਫ ਕੈਨੇਡਾ, ਪੰਜਾਬੀ ਲਿਟਰੇਰੀ ਸਭਾ, ਰਾਮਗੜ੍ਹੀਆ ਸੁਸਾਇਟੀ, ਸਿੱਖ ਸੇਵਕ ਸੁਸਾਇਟੀ, ਇੰਟਰਨੈਸ਼ਨਲ ਪੰਜਾਬੀ ਸਭਾ, ਸ਼੍ਰੋਮਣੀ ਸਿੱਖ ਸੇਵਕ ਦਲ, ਸਤਿਨਾਮ ਟਰਸਟ, ਬਬਰ ਖਾਲਸਾ ਸੁਸਾਇਟੀ, ਅਕਾਲੀ ਦਲ ਯੂਥ ਵਿੰਗ ਆਫ ਕੈਨੇਡਾ, ਸਿੱਖ ਸਟੂਡੈਂਟ ਫੈਡਰੇਸ਼ਨ ਆਫ ਕੈਨੇਡਾ, ਸਿੱਖ ਬਿਜਨਿਸ ਭਾਈਚਾਰਾ, ਖਾਲਿਸਤਾਨ ਐਸੋਸੀਏਸ਼ਨ ਆਫ ਕੈਨੇਡਾ, ਤਿੰਨ ਸੌ ਸਾਲਾ ਖਾਲਸਾ ਸਿਰਜਨਾਂ ਦਿਵਸ ਸੁਸਾਇਟੀ, ਫੈਡਰੇਸ਼ਨ ਆਫ ਸਿੱਖ ਸੁਸਾਇਟੀਜ਼ ਆਫ ਕੈਨੇਡਾ, ਈਸਟ ਇੰਡੀਅਨ ਵਿਲਫੇਅਰ ਐਸੋਸੀਏਸ਼ਨ, ਨਕੋਈ, ਫਰੇਜ਼ਰਵੈਲੀ ਐਸੋਸੀਏਸ਼ਨ, ਅਖੰਡ ਕੀਰਤਨੀ ਸਿਮਰਨ ਸਭਾ ਆਫ ਕੈਨੇਡਾ, ਸਿੰਘ ਸਭਾ ਸੁਸਾਇਟੀ ਆਫ ਕੈਨੇਡਾ, ਗੁਰਦੁਆਰਾ ਸੁਧਾਰ ਸਭਾ, ਖਾੜਕੂ ਸਿੰਘ ਇਤਿਆਦਿ ਕਈ ਸਭਾਵਾਂ ਹਨ ਜੋ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੇ ਸਰਗਰਮ ਮੈਂਬਰਾਂ ਵਿਚੋਂ ਹੀ ਹਨ ਅਤੇ ਇਸ ਤੋਂ ਇਲਾਵਾ ਹਜ਼ਾਰਾਂ ਮੈਂਬਰ ਐਸੇ ਵੀ ਹਨ ਜੋ ਸਿਧੇ ਹੀ ਗੁਰਦੁਆਰੇ ਦੇ ਮੈਂਬਰ ਹਨ।

ਕਾਫੀ ਚੰਗੀ ਗੱਲ ਹੋਵੇਗੀ ਕਿ ਜੇ ਕਰ ਮੌਜੂਦਾ ਕਾਬਜ਼ ਧੜਾ, ਜੋ ਕਿ ਕੇਵਲ ਉਪਰੋਕਤ ਸਭਾਵਾਂ ਵਿਚੋਂ ਕੇਵਲ ਇਕ ਨੂੰ ਹੀ ਰੀਪ੍ਰੇਜ਼ੈਨਟ ਕਥਦਾ ਹੈ, . ਸਾਰੀਆਂ ਹੀ ਸਭਾਵਾਂ ਨੂੰ ਸੱਦਾ ਦੇ ਕੇ ਇਕ ਵਿਸ਼ਾਲ ਮੀਟਿੰਗ ਕਰਕੇ ਜਿਤਨੇ ਵੀ ਨਾਮ ਆਉਣ ਉਨ੍ਹਾਂ ਵਿਚੋਂ ਪਰਚੀਆਂ ਪਾ ਕੇ ਸੇਵਾਦਾਰ ਨਿਯੁਕਤ ਕੀਤੇ ਜਾਣ। ਅਜੇਹਾ ਨਾ ਕਰਨ ਦੀ ਹਾਲਤ ਵਿਚ ਅਤੇ ਡਿਕਟੇਟਰਸ਼ਿਪ ਨਾਲ ਇਕ ਹੀ ਧੜੇ ਦੇ ਬੰਦਿਆਂ ਦਾ ਕਬਜ਼ਾ ਜਾਰੀ ਰੱਖ ਕੇ ਕੌਮ ਦਾ ਬਹੁਤ ਨੁਕਸਾਨ ਹੋ ਜਾਣ ਦਾ ਡਰ ਹੈ। ਸ਼ਾਇਦ ਇਤਨਾ ਨੁਕਸਾਨ ਕਿਸੇ ਸਰਕਾਰ ਨੇ ਸਿੱਖਾਂ ਦਾ ਨਾ ਕੀਤਾ ਹੋਵੇ ਜਿਤਨਾ ਆਪਸੀ ਫੁੱਟ ਨਾਲ ਸਿੱਖ ਕਰ ਬੈਠਣਗੇ। ਸ਼ਹੀਦਾਂ ਦੀਆਂ ਕੁਰਬਾਨੀਆਂ ਆਪਸੰ ਜ਼ਿੱਦ ਕਾਰਨ ਅੱਖੋਂ ਉਹਲੇ ਨਾ ਕਰੋ, ਅਜੇ ਭੀ ਸੰਭਲੋ ਸਮਾਂ ਤੁਹਾਨੂੰ ਮਾਫ ਨਹੀਂ ਕਰੇਗਾ। ਏਕਤਾ ਕਰਨੀ ਅਤੀ ਜ਼ਰੂਰੀ ਹੈ, ਜ਼ਿੱਦ ਛੱਡਣ ਵਿਚ ਹੀ ਕੌਮ ਦਾ ਭਲਾ ਹੈ। ਅਸੀਂ ਆਸ ਰੱਖਦੇ ਹਾਂ ਕਿ ਸਾਡੀਆਂ ਬੇਨਤੀਆਂ ਸੰਗਤਾਂ ਪ੍ਰਵਾਨ ਕਰਨਗੀਆਂ ਅਤੇ ਕਾਬਜ਼ ਧੜਾ ਅਕਲ ਤੋਂ ਕੰਮ ਲਵੇਗਾ। ਪਰਚੀਆਂ ਨਾਲ ਸਾਂਝੇ ਸੇਵਾਦਾਰ ਚੁਣਕੇ ਕੌਮ ਵਿਚ ਏਕਤਾ ਕਰਕੇ ਇਸ ਸਾਲ ਗੁਰੂ ਘਰਾਂ ਵਿਚ ਚੋਣਾਂ ਨਾ ਕਰਵਾ ਕੇ ਕੌਮ ਦੀ ਉਸਾਰੀ ਲਈ ਸਾਂਝੇ ਯਤਨ ਕੀਤੇ ਜਾਣ।

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ॥

ਪੰਥਕ ਹਿਤੂ

ਏਕਤਾ ਲਈ ਬੇਨਤੀ ਕਰਨ ਵਾਲੇ ਕੁਝ ਸਜਣ
ਵੈਨਕੂਵਰ, ਬੀ. ਸੀ., ਕੈਨੇਡਾ।

## ਵਰ ਦੀ ਲੋੜ

ਇਕ 25 ਸਾਲ ਦੀ ਖੂਬਸੂਰਤ ਲੜਕੀ ਲਈ ਵਰ ਦੀ ਲੋੜ ਹੈ। ਲੜਕੀ ਨੇ ਇੰਗਲੈਂਡ ਤੋਂ ਐਮ. ਐਸ. ਸੀ. ਕੀਤੀ ਹੋਈ ਹੈ। ਲੜਕੇ ਦਾ ਕੈਨੇਡੀਅਨ ਸਿਟੀਜਨ, ਅਮਰੀਕਨ ਸਿਟੀਜਨ ਜਾਂ ਪੱਕਾ ਇਮੀਗਰੈਂਟ ਹੋਣਾ ਜ਼ਰੂਰੀ ਹੈ। ਲੜਕੀ ਬਹੁਤ ਨੇਕ ਅਤੇ ਮਿਲਣਸਾਰ ਪਰਵਾਰ ਨਾਲ ਸਬੰਧਤ ਹੈ। ਖਤ ਇਸ ਪਤੇ ਤੇ ਲਿਖੋ

B.S.J. (1057)
C/O The Canada Darpan
P.O.Box 67344 STN. 0
Vancouver, B.C. V5W 3T1

## ਇਕ ਸੂਚਨਾ

ਜਸਬੀਰ ਸਿੰਘ ਪੱਡਾ ਸਰੀ ਨਿਵਾਸੀ ਸੂਚਨਾ ਦਿੰਦੇ ਹਨ ਕਿ ਉਹ ਪੰਜ ਹੋਰ ਸਾਥੀਆਂ ਨਾਲ, ਸਰੀ ਮਿਉਂਸਪੈਲਿਟੀ ਵਿਚ 17 ਨਵੰਬਰ 1984 ਨੂੰ ਹੋਣ ਵਾਲੀਆਂ ਚੋਣਾਂ ਲਈ ਉਮੀਦਵਾਰ ਹਨ। ਇਹ ਛੇ ਉਮੀਦਵਾਰ "ਸਰੀ ਆਲਟਰਨੇਟਿਵ ਮੂਵਮੈਂਟ" ਨਾਲ ਸਬੰਧ ਰੱਖਦੇ ਹਨ। S.A.M. ਇਕ ਆਮ ਲੋਕਾਂ ਦੀ ਤੇ ਮਜ਼ਦੂਰਾਂ ਦੀ ਬਣਾਈ ਹੋਈ ਸਭਾ ਹੈ ਅਤੇ ਇਸ ਦੀਆਂ ਨੀਤੀਆਂ ਵੀ ਆਮ ਲੋਕਾਂ ਤੇ ਮਜ਼ਦੂਰਾਂ ਦੀ ਲੋੜ ਨੂੰ ਮੁੱਖ ਰਖਦੇ ਹੋਏ ਹੀ ਬਣੀਆਂ ਹਨ। S.A.M. 1974 ਤੋਂ ਸਰੀ ਮਿਉਂਸਪੈਲਿਟੀ ਵਿਚ ਵਧ ਚੜ੍ਹ ਕੇ ਸਮਾਜਿਕ ਤੌਰ ਤੇ ਕਾਫੀ ਸਰਗਰਮ ਹੈ। 1983 ਸਾਲ ਦੀਆਂ ਮਿਉਂਸਪਲ ਚੋਣਾਂ ਵਿਚ S.A.M. ਦੇ ਉਮੀਦਵਾਰ ਸਟੀਵ ਗਿਡੋਰਾ 4th ਰੱਨਰਅਪ ਸਨ। ਇਸ ਸਾਲ ਸਾਨੂੰ ਪੂਰੀ ਆਸ ਹੈ ਕਿ ਆਪ ਸਮੂੰਹ ਹੀ ਅਗਾਂਹ ਵਧੂ ਵੋਟਰਾਂ ਦੀ ਸਹਾਇਤਾ ਨਾਲ ਅਸੀਂ S.A.M. ਦੇ ਵੱਧ ਤੋਂ ਵੱਧ ਉਮੀਦਵਾਰ ਚੁਣਕੇ ਸਰੀ ਕੌਂਸਲ ਵਿਚ ਭੇਜ ਸਕਾਂਗੇ ਜਸਬੀਰ ਪੱਡਾ ਪਿਛਲੇ ਨੌਂ ਸਾਲਾਂ ਤੋਂ ਸਰੀ ਵਿਚ ਰਹਿ ਰਹੇ ਹਨ। ਆਪ ਇਕ ਮਜ਼ਦੂਰ ਹਨ ਤੇ ਗਰੀਨਵਰਕਰਜ਼ ਤੇ ਬੋਆਇਲਰ ਮੇਕਰਜ ਯੂਨੀਅਨ ਦੇ ਮੈਂਬਰ ਹਨ। ਪਿਛਲੇ ਚਾਰ ਸਾਲਾਂ ਤੋਂ ਸਰੀ ਕੋ-ਆਰਡੀਨੇਂਟ ਸੈਂਟਰ ਤੇ ਡੇਲਟਾ ਅਸਿਸਟ ਸੰਸਥਾਵਾਂ ਰਾਹੀਂ ਲੋਕ ਸੇਵਾ ਕਰਦੇ ਰਹੇ ਹਨ। ਆਪ ਪਿਛਲੇ ਦੋ ਸਾਲਾਂ ਤੋਂ ਸਰੀ ਡੇਲਟਾ ਇਮੀਗਰੈਂਟ ਸਰਵਿਸਜ਼ ਸੋਸਾਇਟੀ ਦੇ ਬੋਰਡ ਮੈਂਬਰ ਹਨ। ਆਪ ਸਰੀ ਮਿਉਂਸਪੈਲਿਟੀ ਵਿਚ ਘੱਟ ਗਿਣਤੀ ਦੇ ਲੋਕਾਂ ਦੇ ਗਰੁਪ ਵਿਚੋਂ ਇਕ ਇਕ ਉਮੀਦਵਾਰ ਹਨ। ਆਪ S.D.I.S.S. ਤੇ S.A.M. ਨਾਲ ਸਬੰਧ ਰਖਣ ਕਰਕੇ ਘੱਟ ਗਿਣਤੀ ਦੇ ਲੋਕਾਂ ਦੇ ਗਰੁਪਾਂ ਦੀਆਂ ਔਕੜਾਂ ਨੂੰ ਜਾਣਦੇ ਹਨ ਤੇ ਨਸਲਵਾਦ ਤਣਾਅ ਨੂੰ ਮਿਟਾਉਣ ਦਾ ਵਿਸ਼ਵਾਸ਼ ਰਖਦੇ ਹਨ। ਸਰੀ ਵਿਚ ਨਵੇਂ ਇਮੀਗਰੈਂਟਸ ਦੀ ਗਿਣਤੀ ਜ਼ਿਆਦਾ ਹੋਣ ਕਰਕੇ ਸਰੀ ਸਕੂਲ ਬੋਰਡ ਦੇ ਖਾਸ ਪ੍ਰੋਗਰਾਮ E.S.L. ਨੂੰ ਜਾਰੀ ਰੱਖਣ ਦੇ ਸਾਲ ਸਾਲ ਹੋਰ ਵਧਾਇਆ ਜਾਣਾ ਚਾਹੀਦਾ ਹੈ। ਸਕੂਲਾਂ ਵਿਚ ਨਸਲਵਾਦ ਨੂੰ ਘਟਾਉਣ ਲਈ ਖਾਸ ਪ੍ਰੋਗਰਾਮ ਚਲਾਉਣੇ ਚਾਹੀਦੇ ਹਨ ਤਾਂ ਕਿ ਸਾਡੀ ਆਉਣ ਵਾਲੀ ਨਵੀਂ ਪਨੀਰੀ ਆਪਸੀ ਫੁਟ ਨੂੰ ਛੱਡ ਕੇ ਅਜ ਦੇ ਸਮਾਜਿਕ ਪੱਧਰ ਤੇ ਉਸਾਰੀ ਕਰ ਸਕੇ ਅਤੇ ਦੂਸਰੇ ਕਨੇਡੀਅਨਾਂ ਵਾਂਗ ਆਪਣੇ ਹੱਕਾਂ ਦਾ ਅਨੰਦ ਮਾਣ ਸਕਣ। ਇਸ ਲਈ ਸਰੀ ਦੇ ਸਮੂੰਹ ਵੋਟਰਾਂ ਨੂੰ ਅਸੀਂ ਅਪੀਲ ਕਰਦੇ ਹਾਂ ਕਿ ਉਹ ਸੈਮ ਦੀ ਸਲੇਟ ਨੂੰ ਵੋਟ ਪਾ ਕੇ ਕਾਮਯਾਬ ਬਨਾਉਣ।

## ਵਰ ਦੀ ਲੋੜ

ਇਕ 25 ਸਾਲਾ ਖੂਬਸੂਰਤ ਲੜਕੀ ਲਈ ਜੱਟ ਸਿੱਖ ਵਰ ਦੀ ਲੋੜ ਹੈ। ਲੜਕੀ ਕੈਨੇਡਾ ਦੀ ਬੀ. ਏ. ਪਾਸ ਹੈ ਅਤੇ ਸਰਕਾਰੀ ਦਫਤਰ ਵਿਚ ਕੰਮ ਤੇ ਲੱਗੀ ਹੋਈ ਹੈ। ਕੈਨੇਡੀਅਨ ਸਿਟੀਜਨ ਜਾਂ ਪੱਕੇ ਇਮੀਗਰੈਂਟ ਲੜਕੇ ਦੀ ਜ਼ਰੂਰਤ ਹੈ। ਹੋਰ ਜਾਣਕਾਰੀ ਲਈ ਲਿਖੋ :

H.S.C. (1055)
C/O The Canada Darpan
P.O.Box 67344 STN. 0
Vancouver, B.C.

## ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਸਰਕਾਰ ਨੂੰ ਤਾੜਨਾ

ਫਗਵਾੜਾ — ਕੇਂਦਰੀ ਪੰਜਾਬੀ ਲੇਖਕ ਸਭਾ ਦੀ ਕਾਰਜਕਾਰਨੀ ਦੀ ਇਥੇ ਹੋਈ ਮੀਟਿੰਗ ਵਿਚ ਪੰਜਾਬ ਸਰਕਾਰ ਦੇ ਇਸ ਪ੍ਰਸਤਾਵਿਤ ਮਤੇ ਉਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਗਈ ਜਿਸ ਵਿਚ ਭਾਸ਼ਾ ਵਿਭਾਗ ਤੇ ਸਟੇਟ ਯੂਨੀਵਰਸਿਟੀ ਟੈਕਸਟ ਬੁਕ ਬੋਰਡ ਨੂੰ ਖਤਮ ਕਰਨ ਦੀ ਯੋਜਨਾ ਹੈ। ਮੀਟਿੰਗ ਦੀ ਪ੍ਰਧਾਨਗੀ ਸ੍ਰੀ ਸੰਤ ਸਿੰਘ ਸੇਖੋਂ ਨੇ ਕੀਤੀ। ਇਸ ਮੀਟਿੰਗ ਵਿਚ ਇਕ ਪੰਜ ਮੈਂਬਰੀ ਕਮੇਟੀ ਕਾਇਮ (ਬਾਕੀ ਪੰਨਾ 17 ਤੇ)

## ਸੀ. ਬੀ. ਆਈ. ਜਾਂਚ ਕਰੇਗੀ

ਰੋਪੜ, (ਸਰਬਜੀਤ ਸਿੰਘ)—ਭਾਖੜਾ ਮੁਖ ਨਹਿਰ ਤੋੜਨ ਦੀਆਂ ਘਟਨਾਵਾਂ ਦੀ ਜਾਂਚ ਕੇਂਦਰੀ ਜਾਂਚ ਬਿਊਰੋ ਵਲੋਂ ਆਪਣੇ ਹੱਥਾਂ ਵਿਚ ਲਏ ਜਾਣ ਦੀ ਸੰਭਾਵਨਾ ਹੈ।



ਦੇਗ ਤੇਗ ਫਤਹਿ ॥ ੧ਓ ਸਤਿਗੁਰ ਪ੍ਰਸਾਦਿ ਪੰਥ ਕੀ ਜੀਤ ॥

# ਗੁਰੂ ਨਾਨਕ ਸਿੱਖ ਟੈਂਪਲ ਡੈਲਟਾ-ਸਰੀ

7050-120 ਸਟਰੀਟ, ਸਰੀ, ਬੀ. ਸੀ.

ਫ਼ੋਨ 594-4836

ਵਲੋਂ

## ਸੰਗਤਾਂ ਨੂੰ

# ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੀ ਵਧਾਈ




# ਪ੍ਰੋਗਰਾਮ :

ਅੱਖੰਡ ਪਾਠ ਸਾਹਿਬ ਦਾ ਆਰੰਭ — 9 ਨਵੰਬਰ, 1984 ਸਵੇਰੇ

ਅਖੰਡ ਪਾਠ ਸਾਹਿਬ ਦਾ ਭੋਗ — 11 ਨਵੰਬਰ, 1984 ਸਵੇਰੇ ਦਸ ਵਜੇ

ਕੀਰਤਨ : ਪ੍ਰੋ: ਚੰਨਣ ਸਿੰਘ ਜੀ ਸੇਵਕ

ਹਜ਼ੂਰੀ ਜੱਥਾ ਸ੍ਰੀ ਕੇਸਗੜ੍ਹ ਸਾਹਿਬ ਆਨੰਦਪੁਰ, ਗਿਆਨੀ ਕੁਲਦੀਪ ਸਿੰਘ ਦਾ ਜੱਥਾ

ਕਥਾ : ਸਿੰਘ ਸਾਹਿਬ ਪ੍ਰੀਤਮ ਸਿੰਘ ਜੀ, ਤਖਤ ਸ੍ਰੀ ਪਟਨਾ ਸਾਹਿਬ

ਉਪਰੰਤ ਪੰਥ ਦਾ ਪ੍ਰਸਿੱਧ ਢਾਡੀ ਜੱਥਾ ਗੁਰਦੀਪ ਸਿੰਘ ਸਾਜਨ ਜੀ ਦਾ ਜਥਾ ਸੰਗਤਾਂ ਦੀ ਸੇਵਾ ਕਰੇਗਾ।

## ਅੰਮ੍ਰਿਤ ਅਭਿਲਾਖੀਆਂ ਲਈ ਬੇਨਤੀ

ਗੁਰੂ ਘਰ ਡੈਲਟਾ-ਸਰੀ ਵਿਚ ਅੰਮ੍ਰਿਤ ਪ੍ਰਚਾਰ ਦਾ ਪ੍ਰਬੰਧ ਕੀਤਾ ਗਿਆ ਹੈ। ਅੰਮ੍ਰਿਤ ਦੇ ਅਭਿਲਾਖੀ ਆਪਣੇ ਨਾਂ ਗੁਰੂ ਘਰ ਦੇ ਸੇਵਾਦਾਰਾਂ ਤੱਕ ਪੁਚਾ ਦੇਣ। ਅੰਮ੍ਰਿਤ ਪ੍ਰਚਾਰ ਸਮਾਗਮ ਐਤਵਾਰ ਨੂੰ ਹੋਵੇਗਾ।